P-1-36/Date of Posting: 4th-9th June 2023

ਮੁੱਲ: ₹20

# ਪੰਖੜੀਆਂ

ਜੂਨ 2023



ਪੰਜਾਬ ਸਕੂਲ
ਸਿੱਖਿਆ ਬੋਰਡ
ਦਾ ਪ੍ਰਕਾਸ਼ਨ

# ਪੰਖੜੀਆਂ

ਜੂਨ 2023, ਸਾਲ 53ਵਾਂ ਅੰਕ 6

ਮੁੱਖ ਸੰਪਾਦਕ: ਅਮਰਜੀਤ ਕੌਰ ਦਾਲਮ
ਉਪ-ਸਕੱਤਰ, ਅਕਾਦਮਿਕ

ਸੰਪਾਦਕ: ਦਰਸ਼ਨ ਸਿੰਘ ਬਨੂੜ

ਡੀ.ਪੀ.ਆਈ. ਪੰਜਾਬ ਦੇ ਚਿੱਠੀ ਨੰ. 269/20-70
ਸ ਜ(3)1 ਮਿਤੀ 17.10.80 ਰਾਹੀਂ ਅਤੇ
ਡੀ.ਪੀ.ਆਈ. ਯੂ.ਟੀ. ਚੰਡੀਗੜ੍ਹ ਦੇ
ਪੱਤਰ ਨੰ. 8211-ਸ਼-1/110/81
ਮਿਤੀ 16.10.81
ਰਾਹੀਂ ਸਕੂਲਾਂ ਲਈ ਪ੍ਰਵਾਨਿਤ

ਇੱਕ ਕਾਪੀ : ₹20 | ਸਲਾਨਾ ਚੰਦਾ: ₹240

ਚੰਦਾ ਭੇਜਣ ਦਾ ਪਤਾ:
ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ
ਵਿੱਦਿਆ ਭਵਨ, ਫੇਜ਼ 8
ਸਾਹਿਬਜ਼ਾਦਾ ਅਜੀਤ ਸਿੰਘ ਨਗਰ
ਮੁਹਾਲੀ - 160062



ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਦਾ ਪਤਾ:
ਸੰਪਾਦਕ
ਪੰਖੜੀਆਂ ਅਤੇ ਪ੍ਰਾਇਮਰੀ ਸਿੱਖਿਆ
ਮੈਗਜ਼ੀਨ ਸੈੱਲ
ਪੰਜਾਬ ਸਕੂਲ ਸਿੱਖਿਆ ਬੋਰਡ
ਵਿੱਦਿਆ ਭਵਨ, ਫੇਜ਼ 8
ਸਾਹਿਬਜ਼ਾਦਾ ਅਜੀਤ ਸਿੰਘ ਨਗਰ
ਮੁਹਾਲੀ - 160062
ਸੰਪਰਕ: 0172-5227395

ਈ-ਮੇਲ: pankhrianpseb@gmail.com

ਬੋਰਡ ਦੀ ਵੈਬਸਾਈਟ: www.pseb.ac.in



ਲੇਖਕ ਆਪਣੇ ਵਿਚਾਰਾਂ ਲਈ ਖੁਦ ਜ਼ਿੰਮੇਵਾਰ ਹਨ। ਪੰਜਾਬ ਸਕੂਲ ਸਿੱਖਿਆ ਬੋਰਡ ਦਾ ਉਹਨਾਂ ਦੇ ਵਿਚਾਰਾਂ ਨਾਲ਼ ਸਹਿਮਤ ਹੋਣਾ ਜ਼ਰੂਰੀ ਨਹੀਂ।


## ਇਸ ਅੰਕ ਵਿੱਚ


ਸੰਪਾਦਕੀ /ਦਰਸ਼ਨ ਸਿੰਘ ਬਨੂੜ 3
ਗੁਰੂ ਅਰਜਨ ਦੇਵ ਜੀ /ਡਾ.ਰਾਜਿੰਦਰ ਸਿੰਘ ਕੁਰਾਲੀ 4
ਕਿਤਾਬਾਂ ਦੀ ਕਰਾਮਾਤ /ਗੁਰਚਰਨ ਸਿੰਘ ਨੂਰਪੁਰ 7
ਤਿਲ ਦੀ ਮਨੁੱਖੀ ਜੀਵਨ ਸਾਂਝ /ਮਨਮੋਹਨ ਸਿੰਘ ਦਾਊਂ 12
ਹੋਰ ਸੁਹਣੀ ਜ਼ਿੰਦਗੀ /ਜਸਵਿੰਦਰ ਸਿੰਘ ਰੁਪਾਲ 15
ਪੰਛੀਆਂ ਤੋਂ ਸਿੱਖਣ ਵਾਲ਼ੀਆਂ ਗੱਲਾਂ /ਪ੍ਰਿੰ.ਵਿਜੈ ਕੁਮਾਰ 16
ਬੱਦਲਾਂ ਦਾ ਮੁਆਫ਼ੀਨਾਮਾ /ਡਾ.ਗੁਰਨਾਇਬ ਸਿੰਘ 17
ਬੇਹਤਰ ਜ਼ਿੰਦਗੀ ਜਿਉਣ ਲਈ ਕੁਝ ਨੁਕਤੇ.../ਸੰਦੀਪ ਦਿਉੜਾ 18
ਦਿਸ਼ਾਹੀਣ ਹੋਈ ਜਵਾਨੀ ਨੂੰ ਸੇਧ ਦੇਣ ਦੀ ਲੋੜ/ਸੰਜੀਵ ਸਿੰਘ ਸੈਣੀ 20
ਬਿੱਲੀ ਅਸ਼ੁੱਭ ਨਹੀਂ ਹੁੰਦੀ /ਮਾ.ਸੰਜੀਵ ਧਰਮਾਣੀ 22
ਹਾਏ! ਮੇਰਾ ਬਲੂੰਗੜਾ /ਡਾ.ਸੋਨੀਆ ਚਹਿਲ 23
ਭਾਈ ਹਿੰਮਤ ਸਿੰਘ ਪਾਰਕ ਜਗਨਨਾਥ ਪੁਰੀ/ਰਮੇਸ਼ ਬੱਗਾ ਚੋਹਲਾ 25
ਉੱਠ ਜਾਗ! ਘੁਰਾੜੇ ਮਾਰ ਨਹੀਂ /ਅਜੀਤ ਸਿੰਘ ਚੰਦਨ 27
ਕੇਕੜੇ ਦੀ ਸਿਆਣਪ /ਕਾਂਤਾ ਸ਼ਰਮਾ 28
ਟਿਊਸ਼ਨ ਦੀ ਇੱਕ ਯਾਦ /ਪ੍ਰੋ.ਨਵ ਸੰਗੀਤ ਸਿੰਘ 30
ਥੇਹ /ਜਸਬੀਰ ਭੁੱਲਰ 31
ਕਿਤਾਬਾਂ /ਅਮਰ ਸੂਫ਼ੀ 33
ਕੋਈ ਵਿਅਕਤੀ ਮਹਾਨ ਕਿਵੇਂ ਹੁੰਦਾ ਹੈ/ਹਰੀ ਕ੍ਰਿਸ਼ਨ ਮਾਇਰ 34
ਗਿਆਨ ਮੁਕਾਬਲਾ /ਰਿਟਾ.ਪ੍ਰਿੰ.ਵਿਨੋਦ ਕੁਮਾਰ ਸ਼ਰਮਾ 35



ਸੰਪਾਦਕੀ: ਦਰਸ਼ਨ ਸਿੰਘ ਬਨੂੜ

# ਟਹਿਕ ਪਏ ਫੁੱਲ

ਪਿਆਰੇ ਨਿੱਕੇ ਦੋਸਤੋ,

ਸਿਆਣੇ ਕਹਿੰਦੇ ਹਨ ਕਿ ਜੇਕਰ ਤੁਹਾਡੇ ਇਰਾਦੇ ਮਜ਼ਬੂਤ ਹੋਣ ਅਤੇ ਤੁਸੀਂ ਕੋਈ ਮਕਸਦ ਲੈ ਕੇ ਕਿਸੇ ਖ਼ੇਤਰ ਵਿੱਚ ਅੱਗੇ ਵਧਦੇ ਹੋ ਤਾਂ ਉਹ ਦਿਨ ਦੂਰ ਨਹੀਂ ਹੁੰਦਾ, ਜਦੋਂ ਤੁਹਾਡੀਆਂ ਆਸਾਂ ਨੂੰ ਬੂਰ ਪੈਣ ਲੱਗਦਾ ਹੈ। ਮੰਜ਼ਿਲ ਆਪਣੇ ਆਪ ਹੀ ਤੁਹਾਡੇ ਵੱਲ ਆਉਣ ਲਗਦੀ ਹੈ। ਬਸ ਲੋੜ ਹੁੰਦੀ ਹੈ, ਸੱਚੇ ਮਨ ਨਾਲ਼ ਲਗਨ ਨਾਲ਼ ਮਿਹਨਤ ਕਰਨ ਦੀ ਅਤੇ ਕੰਮ ਸ਼ੁਰੂ ਕਰਨ ਦੀ।

ਸਾਡੇ ਪਿੰਡ ਦਾ ਜ਼ੋਰਾ ਸਿੰਘ ਆਪਣੇ ਦੋਸਤਾਂ ਨਾਲ਼ ਹਰ ਰੋਜ਼ ਨਵੀਆਂ-ਨਵੀਆਂ ਸਕੀਮਾਂ ਸੋਚਦਾ ਰਹਿੰਦਾ ਹੈ। ਸੋਚਦਾ ਹੀ ਨਹੀਂ ਉਸਦੀਆਂ ਸਕੀਮਾਂ ਸਫ਼ਲ ਵੀ ਹੁੰਦੀਆਂ ਹਨ।

ਕਦੇ ਉਹ ਵੀਰਾਨ ਪਈਆਂ ਥਾਵਾਂ 'ਤੇ ਰੁੱਖ ਬੂਟੇ ਲਾਉਂਦੇ ਨਜ਼ਰ ਆਉਂਦੇ। ਕਦੇ ਉਹ ਸਮਸ਼ਾਨ ਘਾਟ ਵਿੱਚ ਉਜਾੜ ਪਈਆਂ ਥਾਵਾਂ ਨੂੰ ਸਵਾਰਦੇ ਨਜ਼ਰ ਆਉਂਦੇ। ਗੱਲ ਕੀ ਉਹਨਾਂ ਦੇ ਹੱਥਾਂ ਵਿੱਚ ਕਦੇ ਤਸਲਾ ਅਤੇ ਕਦੇ ਬੂਟੇ ਵੇਖਦਾ ਹਾਂ। ਕਈ ਵਾਰ ਦਿਲ ਕਰਦਾ ਕਿ ਇਹਨਾਂ ਨੂੰ ਬੱਚਿਆਂ ਨਾਲ਼ ਬੈਠ ਕੇ ਗੱਲ ਕਰਾਂ ਕਿ ਇਹ ਕਰਨਾ ਕੀ ਚਾਹੁੰਦੇ ਹਨ। ਇਸ ਉਮਰ ਵਿੱਚ ਤਾਂ ਬਹੁਤੇ ਬੱਚਿਆਂ ਦਾ ਧਿਆਨ ਖੇਡਣ, ਕੁੱਦਣ ਅਤੇ ਜ਼ਿਆਦਾਤਰ ਇਸ ਉਮਰ ਦੀ ਮੰਡੀਰ ਤਾਂ ਹੋਰ ਅਨੇਕਾਂ ਪੁੱਠੇ ਕੰਮਾਂ ਵਿੱਚ ਪਈ ਹੁੰਦੀ ਹੈ, ਪਰੰਤੂ ਇਹ ਯੂਥ ਕੇਸਰੀ ਦੀ ਟੀਮ ਦੇ ਤਾਂ ਇਰਾਦੇ ਹੀ ਹੋਰ ਹੁੰਦੇ ਹਨ।

ਇੱਕ ਦਿਨ ਸੈਰ ਕਰਦਿਆਂ ਅਚਾਨਕ ਇਹਨਾਂ ਬੱਚਿਆਂ ਨੇ ਮੈਨੂੰ ਰੋਕ ਲਿਆ ਅਤੇ ਕਹਿਣ ਲੱਗੇ, ''ਅੰਕਲ ਜੀ, ਅਸੀਂ ਧਰਮਸ਼ਾਲਾ ਵਿੱਚ ਲਾਇਬ੍ਰੇਰੀ ਖੋਲ੍ਹਣੀ ਚਾਹੁੰਦੇ ਹਾਂ। ਸਾਨੂੰ ਪਤਾ ਲੱਗਿਆ ਕਿ ਤੁਸੀਂ ਲੇਖਕ ਹੋ, ਸਾਨੂੰ ਤੁਸੀਂ ਗਾਈਡ ਕਰੋ ਜੀ।'' ਮੈਂ ਬੱਚਿਆਂ ਦੀ ਇਹ ਸੋਚ ਦੇਖ ਕੇ ਅੰਦਰੋਂ-ਅੰਦਰੀ ਬਹੁਤ ਖ਼ੁਸ਼ ਹੋਇਆ। ਮੈਂ ਹੈਰਾਨ ਸਾਂ ਕਿ ਅੱਜ ਦੇ ਇਸ ਮੋਬਾਇਲ ਯੁੱਗ ਵਿੱਚ ਇਹ ਹਿੰਮਤੀ ਬੱਚੇ ਕਿਤਾਬਾਂ ਦੀ ਗੱਲ ਕਰ ਰਹੇ ਹਨ। ਮੈਂ ਇਹਨਾਂ ਬੱਚਿਆਂ ਨੂੰ ਕਿਤਾਬਾਂ ਅਤੇ ਰਸਾਲੇ ਦੇਣ ਤੋਂ ਇਲਾਵਾ ਹੋਰ ਵੀ ਹਰ ਤਰ੍ਹਾਂ ਦੀ ਸੰਭਵ ਮੱਦਦ ਦੇਣ ਦਾ ਵਾਅਦਾ ਕੀਤਾ।

ਗਾਹੇ-ਬਗਾਹੇ ਜਦੋਂ ਵੀ ਸਮਾਂ ਮਿਲਦਾ ਵਿਚਾਰ-ਚਰਚਾ ਕਰਨ ਲਈ ਇਹ ਬੱਚੇ ਮੇਰੇ ਕੋਲ਼ ਆ ਜਾਂਦੇ ਹਨ ਜਾਂ ਫੇਰ ਆਉਂਦੇ ਜਾਂਦੇ ਮੈਂ ਇਹਨਾਂ ਕੋਲ ਰੁਕ ਜਾਂਦਾ ਹਾਂ। ਸਮਸ਼ਾਨ ਘਾਟ ਵਿੱਚ ਪਈ ਵੀਰਾਨ ਜਗ੍ਹਾ ਨੂੰ ਸੰਵਾਰ ਕੇ ਵਾਲੀਬਾਲ ਦਾ ਗਰਾਊਂਡ ਬਣਾ ਲਿਆ ਅਤੇ ਸ਼ਾਮ ਨੂੰ ਇਹ ਸਾਰੇ ਨੌਜਵਾਨ ਮੁੰਡੇ ਵਾਲੀਬਾਲ ਖੇਡਦੇ ਹਨ। ਐਪਰ ਜ਼ੋਰਾ ਸਿੰਘ ਵਾਤਾਵਰਨ ਵਿੱਚੋਂ ਲਗਪਗ ਖ਼ਤਮ ਹੋ ਚੁੱਕੇ ਦਰੱਖ਼ਤ ਜਿਵੇਂ ਸੁਹੰਞਣਾ, ਟਾਹਲੀ, ਨਿੰਮ ਆਦਿ ਰੁੱਖਾਂ ਬਾਰੇ ਚਰਚਾ ਕਰਦਾ ਅਤੇ ਫ਼ਿਕਰਮੰਦ ਹੁੰਦਾ ਕਿ ਇਹ ਕੀਮਤੀ ਰੁੱਖ ਸਾਡੇ ਚੌਗਿਰਦੇ 'ਚੋਂ ਲਗਪਗ ਖ਼ਤਮ ਹੀ ਹੋ ਗਏ ਹਨ।

ਇਰਾਦੇ ਨੇਕ ਹੋਣ ਤਾਂ ਰਾਹ ਆਪਣੇ ਆਪ ਹੀ ਖੁੱਲ੍ਹਣ ਲੱਗ ਪੈਂਦੇ ਹਨ। ਨਿਆਰੀ ਸੋਚ ਹੋਵੇ ਅਤੇ ਕੁਝ ਕਰ ਗੁਜ਼ਰਨ ਦਾ ਇਰਾਦਾ ਹੋਵੇ ਤਾਂ ਦੁਨੀਆ ਦਾ ਕੋਈ ਵੀ ਕਾਰਜ ਅੰਸਭਵ ਨਹੀਂ ਹੁੰਦਾ।

ਇੱਕ ਦਿਨ ਸੈਰ ਕਰਦਿਆਂ ਮੈਂ ਸਮਸ਼ਾਨ ਘਾਟ ਦੇ ਇੱਕ ਖੂੰਝੇ 'ਚ ਵਾਤਾਵਰਨ ਨਾਲ਼ ਸਬੰਧੀ ਕੁਝ ਪੋਸਟਰ ਅਤੇ ਸਲੋਗਨ ਲੱਗੇ ਵੇਖੇ। ਜਿੰਨ੍ਹਾ ਵਿੱਚ ਕੁਝ ਮੇਰੀਆਂ ਕਵਿਤਾਵਾਂ ਦੀਆਂ ਸਤਰਾਂ ਵੀ ਲਿਖੀਆਂ ਹੋਈਆਂ ਸਨ। ਮੈਂ ਸਮਸ਼ਾਨ ਘਾਟ ਦਾ ਗੇਟ ਖੋਲ੍ਹ ਕੇ ਅੰਦਰ ਗਿਆ ਤਾਂ ਦੇਖਿਆ ਕਿ ਜ਼ੋਰਾ ਸਿੰਘ ਆਪਣੇ ਦੋਸਤਾਂ ਨਾਲ਼ ਮਿੱਟੀ ਦੀਆਂ ਥੈਲੀਆਂ ਭਰ ਰਿਹਾ ਸੀ। ਮੈਨੂੰ ਦੇਖ ਕੇ ਸਾਰੇ ਸਤਿਕਾਰ ਵਜੋਂ ਖੜ੍ਹੇ ਹੋ ਗਏ। ਮੇਰੇ ਪੁੱਛਣ ਤੇ ਕਹਿਣ ਲੱਗੇ ''ਅੰਕਲ ਜੀ ਆਪਾਂ ਆਪਣੀ ਹੀ ਨਰਸਰੀ ਬਣਾ ਲਈ। ਮੁੱਲ ਲੈ ਕੇ ਫੁੱਲ ਬੂਟੇ ਲਾਉਣੇ ਮਹਿੰਗੇ ਪੈਂਦੇ ਸਨ।''

ਇਹਨਾਂ ਬੱਚਿਆਂ ਲਈ ਮੇਰੇ ਮਨ ਵਿੱਚ ਹੋਰ ਵੀ ਸਤਿਕਾਰ ਵੱਧ ਗਿਆ। ਮੈਂ ਉਹਨਾਂ ਨੂੰ ਸ਼ਾਬਾਸ਼ ਦਿੰਦਿਆਂ ਕਿਹਾ ਕਿ ਪੁੱਤਰੋ ਇਹ ਤੁਹਾਡਾ ਬਹੁਤ ਵਧੀਆ ਉਪਰਾਲਾ ਹੈ। ਮੈਨੂੰ ਵੀ ਆਪਣੇ ਇਸ ਮਿਸ਼ਨ ਵਿੱਚ ਸ਼ਾਮਲ ਕਰ ਲਵੋ ਅਤੇ ਜੋ ਵੀ ਤਿਲ ਫੁੱਲ ਬਣਦਾ ਹੈ, ਮੈਨੂੰ ਵੀ ਮੌਕਾ ਦਿਆ ਕਰੋ। ਸਾਰੇ ਬੱਚੇ ਬਹੁਤ ਖ਼ੁਸ਼ ਹੋਏ। ਮੈਂ ਉਹਨਾਂ ਨੂੰ ਸ਼ਾਬਾਸ਼ ਅਤੇ ਹੌਸਲਾ ਦੇ ਕੇ ਅੱਗੇ ਤੁਰ ਗਿਆ।

ਕੁਝ ਦਿਨਾਂ ਬਾਅਦ ਮੇਰਾ ਫੇਰ ਸਮਸ਼ਾਨ ਘਾਟ ਵੱਲ ਜਾਣਾ ਹੋਇਆ ਤਾਂ ਮੈਂ ਦੇਖ ਕੇ ਹੈਰਾਨ ਹੋ ਗਿਆ ਕਿ ਨਰਸਰੀ ਵਿੱਚ ਲਾਲ, ਪੀਲ਼ੇ, ਨੀਲੇ ਭਾਂਤ-ਭਾਂਤ ਦੇ ਰੰਗਾਂ ਦੇ ਫੁੱਲ ਟਹਿਕ ਰਹੇ ਸਨ।

ਸਮਸ਼ਾਨ ਘਾਟ ਦਾ ਇਹ ਵੀਰਾਨ ਖੂੰਜਾ ਬਹੁਤ ਹੀ ਖ਼ੂਬਸੂਰਤ ਲੱਗ ਰਿਹਾ ਸੀ। ਨਿੱਕੇ-ਨਿੱਕੇ ਪੁੰਗਰ ਰਹੇ ਫੁੱਲਾਂ ਨੂੰ ਵੇਖ ਕੇ ਆਪ ਮੁਹਾਰੇ ਹੀ ਮੂੰਹੋਂ ਵਾਹ-ਵਾਹ ਨਿਕਲ ਰਿਹਾ ਸੀ।

ਅਜੇ ਮੈਂ ਫੁੱਲਾਂ ਨੂੰ ਨਿਹਾਰ ਹੀ ਰਿਹਾ ਸੀ। ਪਿੱਛੋਂ ਇੱਕ ਆਵਾਜ਼ ਸੁਣਾਈ ਦਿੱਤੀ, ''ਕਿਉਂ ਅੰਕਲ ਜੀ ਬਣ ਗਈ ਗੱਲ।'' ਮੈਂ ਪਿੱਛੇ ਮੁੜ ਕੇ ਵੇਖਿਆ ਜ਼ੋਰਾ ਸਿੰਘ ਅਤੇ ਉਸਦੇ ਦੋਸਤ, ਹੱਥਾਂ ਵਿੱਚ ਕਹੀਆਂ ਅਤੇ ਬੱਠਲ ਲਈ ਖੜ੍ਹੇ ਸਨ।



ਡਾ.ਰਾਜਿੰਦਰ ਸਿੰਘ ਕੁਰਾਲੀ
70093-56607

# ਗੁਰੂ ਅਰਜਨ ਦੇਵ ਜੀ ਵਲੋਂ ਕੀਤੇ ਮਹਾਨ ਕਾਰਜ

ਸਿੱਖ ਧਰਮ ਦਾ ਕਰਮ-ਖੇਤਰ ਕੋਈ ਵਿਸ਼ੇਸ਼ ਵਰਗ ਨਹੀਂ ਸਮੁੱਚਾ ਆਲਮੀ ਭਾਈਚਾਰਾ ਹੈ। ਸਿੱਖ ਦੇ ਯਤਨ ਸਰਬੱਤ ਦੇ ਭਲੇ ਨਾਲ਼ ਇੱਕਸੁਰ ਹਨ। ਗੁਰੂ ਅਰਜਨ ਦੇਵ ਜੀ ਕੋਲ ਮਨੁੱਖਤਾ ਨੂੰ ਜੋੜਨ ਦਾ ਉਦੇਸ ਸੀ। ਸਾਂਝੀਵਾਲਤਾ ਦਾ ਵਾਤਾਵਰਨ ਤਿਆਰ ਕਰਨ ਦਾ ਵਿਗਾਸ ਸੀ। ਮਨੁੱਖ ਨੂੰ ਦੂਜਿਆ ਪ੍ਰਤੀ ਸੁਹਿਰਦ ਅਤੇ ਸੰਵੇਦਨਸ਼ੀਲ ਬਣਾਉਣ ਦੀ ਪ੍ਰੇਰਨਾ ਸੀ। ਭੋਗਾਂ ਤੋਂ ਪਾਰ ਉਦਮ ਅਤੇ ਸਹਿਯੋਗ ਦੀ ਪ੍ਰਭਾਤ ਦਾ ਸਨੇਹਾ ਸੀ। ਕੱਟੜਤਾ ਅਤੇ ਊਚ-ਨੀਚ ਦੇ ਵਿਤਕਰਿਆਂ ਤੋਂ ਪਾਰ ਸਰਬ ਧਰਮ ਸਨਮਾਨ ਅਤੇ ਬਰਾਬਰੀ ਦਾ ਸੰਕਲਪ ਸੀ। ਗੁਰੂ ਅਰਜਨ ਦੇਵ ਜੀ ਕੋਲ ਸ਼ਬਦ ਅਸਗਾਹ ਦੀ ਰੂਹਾਨੀ ਬਰਕਤ ਅਤੇ ਸੱਚ ਲਈ ਸ਼ਹਾਦਤ ਦਾ ਲਾਸਾਨੀ ਇਤਿਹਾਸ ਹੈ।

ਗੁਰੂ ਅਰਜਨ ਦੇਵ ਜੀ ਅੱਗੇ ਸਾਰੀ ਉਮਰ ਹੀ ਚਣੌਤੀਆਂ ਦੀ ਤੱਤੀ ਤਵੀ ਘੁੰਮਦੀ ਰਹੀ। ਗੁਰੂ ਅਰਜਨ ਦੇਵ ਜੀ ਬੇਰਹਿਮੀ ਭਰੇ ਤੁਅੱਸਬ ਦਾ ਖ਼ੌਲਦਾ ਦਰਿਆ ਸਿਮਰਨ ਅਤੇ ਸਿਦਕ ਨਾਲ਼ ਪਾਰ ਕਰਦੇ ਹਨ। ਗੁਰੂ ਸਾਹਿਬ ਨੇ ਸ਼ਾਂਤੀ ਨਾਲ਼ ਇਹਨਾਂ ਭਿਅੰਕਰ ਹਲਾਤਾਂ ਦਾ ਸਾਹਮਣਾ ਕਰਦੇ ਹੋਏ ਆਲਮੀ ਭਾਈਚਾਰੇ ਦੇ ਉਥਾਨ ਲਈ ਵਿਭਿੰਨ ਯਾਦਗਾਰੀ ਕਾਰਜ ਕਰਕੇ ਮਨੁੱਖਤਾ ਨੂੰ ਮਹਾਨ ਦੇਣ ਦਿੱਤੀ। ਗੁਰੂ ਸਾਹਿਬ ਨੇ ਨਫ਼ਰਤ ਦਾ ਜੁਆਬ ਪਿਆਰ ਨਾਲ਼, ਸ਼ੋਸ਼ਣ ਦੀ ਥਾਂ ਸੇਵਾ ਵਿਰੋਧ ਦੀ ਥਾਂ ਸਹਿਯੋਗ ਦਾ ਸੱਭਿਆਚਾਰ ਸਿਰਜਿਆ। ਸੰਕੀਰਨਤਾ ਦੀ ਥਾਂ "ਸਰਬ ਮੈ ਪੇਖੈ ਭਗਵਾਨੁ" ਦਾ ਵਿਆਪਕ ਦ੍ਰਿਸ਼ਟੀਕੋਣ ਸਾਹਮਣੇ ਰੱਖ ਕੇ ਸਮੁੱਚੀ ਮਾਨਵਤਾ ਦੇ ਸਨਮਾਨ ਤੇ ਸਭ ਪੁਰਸ਼ਾਂ-ਨਾਰੀਆਂ, ਅਮੀਰ-ਗ਼ਰੀਬ ਨਾਲ਼ ਇੱਕ ਸਮਾਨ ਸੁਚੱਜਾ ਵਿਵਹਾਰ ਕਰਨ ਦਾ ਸੱਦਾ ਦਿੱਤਾ। "ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ" ਦੀ ਭਾਵਨਾ ਵੈਰੀ ਮੀਤ ਦੇ ਭੇਦਾਂ ਤੋਂ ਮੁਕਤ ਹੋ ਕੇ ਸਭ ਇਨਸਾਨਾਂ ਨੂੰ ਆਪਣੇ ਮਿੱਤਰ ਸਮਝ ਕੇ ਅਮਨ ਤੇ ਇਨਸਾਫ਼ ਭਰੀ ਆਲਮੀ ਸਦਭਾਵਨਾ ਦੀ ਅਹਿਮੀਅਤ ਦਾ ਅਹਿਸਾਸ ਕਰਵਾਉਂਦੀ ਹੈ।

ਗੁਰੂ ਅਰਜਨ ਦੇਵ ਜੀ ਨੇ ਸਮੇਂ ਦੀ ਨਬਜ਼ ਨੂੰ ਪਛਾਣਿਆ। ਬਿਖ਼ਮ ਪਰਸਥਿਤੀਆਂ ਵਿੱਚੋਂ ਵੀ ਜਨ-ਕਲਿਆਣ ਦੇ ਅਵਸਰ ਲੱਭੇ। ਗੁਰੂ ਜੀ ਦੀ ਮਨੁੱਖਤਾ ਨੂੰ ਸਭ ਤੋਂ ਵੱਡੀ ਦੇਣ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਤੇ ਸੰਪਾਦਨਾ ਹੈ। ਗੁਰੂ ਜੀ ਨੇ ਇੱਕ ਸਰਬਸਾਂਝੇ ਭਗਵਾਨ ਦੀ ਭਗਤੀ ਅਤੇ ਇਨਸਾਨੀਅਤ ਦੀ ਪੀੜ ਪਛਾਣਨ

ਵਾਲ਼ੇ ਵੱਖ-ਵੱਖ ਧਰਮਾਂ ਅਤੇ ਜਾਤਾਂ ਦੇ ਭਗਤਾਂ, ਮਹਾਂਪੁਰਖਾਂ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਸਾਹਿਬਾਨ ਦੀ ਬਾਣੀ ਦੇ ਬਰਾਬਰ ਦਰਜਾ ਦੇ ਕੇ ਮਨੁੱਖਤਾ ਨੂੰ ਸਰਬਸਾਂਝੀ ਬਾਣੀ ਦਾ ਰੂਹਾਨੀ ਖ਼ਜ਼ਾਨਾ ਪ੍ਰਦਾਨ ਕੀਤਾ। ਬਾਣੀ ਸੁੱਚੀ ਕਿਰਤ ਦਾ ਸਤਿਕਾਰ, ਨਾਰੀ ਦਾ ਸਨਮਾਨ, ਮਨੁੱਖੀ ਏਕਤਾ ਤੇ ਇਖ਼ਲਾਕ ਦੇ ਉਜਾਲਿਆਂ ਨੂੰ ਰੂਪਮਾਨ ਕਰਨ ਦੇ ਨਾਲ਼-ਨਾਲ਼ ਮਾਨਵੀ ਉਥਾਨ ਵਿੱਚ ਰੋਕ ਬਣੀਆਂ ਕੁਰੀਤੀਆਂ ਦੇ ਹਨੇਰਿਆਂ ਨੂੰ ਵੀ ਵੰਗਾਰਦੀ ਹੈ। ਗੁਰਬਾਣੀ ਵਿੱਚ ਕੁਦਰਤ ਨਾਲ਼ ਸਾਂਝ, ਦੂਜੇ ਮਨੁੱਖਾਂ ਨਾਲ਼ ਪਿਆਰ ਦੁੱਖੀਆਂ ਅਤੇ ਲੋੜਵੰਦਾਂ ਦੀ ਬਾਂਹ ਫੜਨ ਦਾ ਇੱਕਰਾਰ ਹੈ। ਗੁਰਬਾਣੀ ਵਿੱਚ ਧਰਮ ਦੇ ਨਾਂ 'ਤੇ ਵਿਅਰਥ ਦੀਆਂ ਰਸਮਾਂ ਨੂੰ ਨਕਾਰ ਕੇ ਸੰਸਾਰ ਨੂੰ ਛੱਡਣ ਦੀ ਥਾਂ ਸੰਸਾਰ ਨੂੰ ਸੁੰਦਰ ਬਣਾਉਣ ਦੀ ਜੁਗਤ ਹੈ।

ਗੁਰੂ ਅਰਜਨ ਦੇਵ ਜੀ ਨੇ ਕੁਦਰਤ ਅਤੇ ਮਨੁੱਖ ਦਰਮਿਆਨ ਇੱਕਸੁਰਤਾ ਪੈਦਾ ਕਰਨ ਲਈ ਖੂਹ, ਹਰਟ ਅਤੇ ਸਰੋਵਰ ਬਣਵਾਏ। ਸਰੋਵਰਾਂ ਦੀ ਖ਼ੂਬਸੂਰਤੀ ਵਿੱਚ ਸ਼ਾਂਤੀ ਅਤੇ ਸਦਭਾਵਨਾ ਦਾ ਸੁਨੇਹਾ ਹੈ। ਨਿਮਰਤਾ ਦੀ ਉੱਚਤਾ ਹੈ। ਲੋਕਾਂ ਨੂੰ ਜਾਤ-ਪਾਤ ਦੇ ਭੇਦ-ਭਾਵ ਮਿਟਾ ਕੇ ਇੱਕੋ ਸਰੋਵਰ ਵਿੱਚ ਇਸ਼ਨਾਨ ਕਰਨ ਅਤੇ ਪੰਗਤ ਵਿੱਚ ਇੱਕਠੇ ਬੈਠ ਕੇ "ਏਕੁ ਪਿਤਾ ਏਕਸ ਕੇ ਹਮ ਬਾਰਿਕ" ਦੀ ਭਾਵਨਾ ਨਾਲ਼ ਜੁੜ ਕੇ ਲੰਗਰ ਛੱਕਣ ਦੀ ਪਰੰਪਰਾ ਹੈ।

ਗੁਰੂ ਸਾਹਿਬ ਨੇ ਤਰਨਤਾਰਨ ਸਾਹਿਬ, ਅੰਮ੍ਰਿਤਸਰ ਅਨੇਕ ਥਾਵਾਂ 'ਤੇ ਪਾਵਨ ਸਰੋਵਰ ਬਣਵਾਏ। ਹਰਮਿੰਦਰ ਸਾਹਿਬ ਦੀ ਨੀਂਹ ਮੁਸਲਮਾਨ ਫ਼ਕੀਰ ਸਾਂਈ ਮੀਆਂ ਮੀਰ ਜੀ ਤੋਂ ਰਖਵਾ ਕੇ ਧਾਰਮਿਕ ਸਦਭਾਵਨਾ ਦੀ ਬੇਮਿਸਾਲ ਉਦਾਹਰਨ ਰੂਪਮਾਨ ਕੀਤੀ। ਹਰਿਮੰਦਰ ਸਾਹਿਬ ਦੇ ਦਰਵਾਜ਼ੇ ਚਾਰੇ ਦਿਸ਼ਾਵਾਂ ਵਿੱਚ ਰਖਵਾ ਕੇ ਸਾਰੀ ਮਨੁੱਖਤਾ ਨੂੰ ਗਲ਼ੇ ਨਾਲ਼ ਲਗਾਉਣ ਲਈ ਪ੍ਰੇਮ ਨਾਲ਼ ਅਵਾਜ਼ ਮਾਰੀ।

ਗੁਰੂ ਅਰਜਨ ਦੇਵ ਜੀ ਨੇ ਤਰਨਤਾਰਨ ਸਾਹਿਬ, ਹਰਗੋਬਿੰਦਪੁਰ, ਕਰਤਾਰਪੁਰ (ਜਲੰਧਰ ਨੇੜੇ) ਜਿਹੇ ਨਵੇਂ ਨਗਰ ਵਸਾਏ। ਚੱਕ ਰਾਮਦਾਸ ਪੁਰ ਦਾ ਵਿਕਾਸ ਕੀਤਾ। ਇਹ ਨਗਰ ਧਰਮ ਪ੍ਰਚਾਰ ਦੇ ਮਹੱਤਵਪੂਰਨ ਕੇਂਦਰ ਬਣਨ ਦੇ ਨਾਲ਼-ਨਾਲ਼ ਆਰਥਿਕ ਵਿਕਾਸ ਅਤੇ ਰੁਜ਼ਗਾਰ ਦੇ ਸਾਧਨ ਵੀ ਬਣੇ। ਗੁਰੂ ਜੀ ਲਾਹੌਰ ਦੇ ਕਾਲ ਪੀੜਤਾਂ ਲਈ ਵਰਦਾਨ ਬਣਕੇ ਬਹੁੜੇ। ਅਨੇਕ ਭੁੱਖਿਆਂ ਦੀਆਂ ਜਾਨਾਂ ਲੰਗਰ ਨਾਲ਼ ਅਤੇ ਰੋਗੀਆਂ ਦੀਆਂ ਮੁਫ਼ਤ ਦਵਾਈਆਂ ਨਾਲ ਬਚਾਈਆਂ। ਮਰੇ ਹੋਏ ਮ੍ਰਿਤਕ ਪ੍ਰਾਣੀਆਂ ਦੇ ਸਰੀਰਾਂ ਦੀਆਂ ਅੰਤਮ ਰਸਮਾਂ ਉਹਨਾਂ ਦੇ ਧਰਮਾਂ ਅਨੁਸਾਰ ਕਰਵਾਈਆਂ। ਲਾਹੌਰ ਦੇ ਡੱਬੀ ਬਜ਼ਾਰ ਵਿੱਚ ਬਾਉਲੀ ਬਣਵਾਈ। ਤਰਨਤਾਰਨ ਵਿੱਚ ਕੋਹੜੀਆਂ ਲਈ ਹਸਪਤਾਲ ਖੁੱਲ੍ਹਵਾਇਆ। ਗੁਰੂ ਜੀ ਨੇ ਚੌਧਰੀ ਹੇਮਾ ਦਾ ਵਿਆਹ ਇੱਕ ਵਿਧਵਾ ਇਸਤਰੀ ਨਾਲ਼ ਕਰਵਾ ਕੇ ਸਮਾਜ ਨੂੰ ਵਿਧਵਾ ਪ੍ਰਤੀ ਸੰਵੇਦਨਸ਼ੀਲ ਬਣਾਇਆ।

ਗੁਰੂ ਜੀ ਨੇ ਸਿੱਖਾਂ ਨੂੰ ਦੂਜੇ ਦੇਸਾਂ ਨਾਲ਼ ਘੋੜਿਆਂ ਦੇ ਵਪਾਰ ਕਰਨ ਲਈ ਉਤਸ਼ਾਹਿਤ ਕੀਤਾ। ਇਸ ਨਾਲ਼ ਸਿੱਖਾਂ ਦਾ ਸੰਪਰਕ ਕਾਬਲ ਅਤੇ ਤੁਰਕਸਤਾਨ ਤੱਕ ਫ਼ੈਲਿਆ, ਉਹ ਖ਼ੁਸ਼ਹਾਲ ਹੋਣ ਦੇ ਨਾਲ਼ ਚੰਗੇ ਘੋੜਸਵਾਰ ਬਣੇ ਅਤੇ ਗੁਰੂ ਹਰਗੋਬਿੰਦ ਸਾਹਿਬ ਦੀਆਂ ਜੰਗਾਂ ਵਿੱਚ ਸਿੱਖ ਘੋੜਸਵਾਰਾਂ ਨੇ ਸ਼ਾਹੀ ਫ਼ੌਜਾਂ ਦਾ ਮੂੰਹ ਮੋੜ ਕੇ ਜਨ ਸਧਾਰਨ ਦੀ ਕੀਰਤੀ ਸਥਾਪਿਤ ਕੀਤੀ।

ਗੁਰੂ ਅਰਜਨ ਦੇਵ ਜੀ ਜਨਤਾ ਦਾ ਇੱਕ-ਇੱਕ ਪੈਸਾ ਲੋਕ-ਭਲਾਈ ਅਤੇ ਧਰਮ ਪ੍ਰਚਾਰ ਲਈ ਖ਼ਰਚ ਰਹੇ ਸਨ। ਇਸ ਲਈ ਗੁਰੂ ਜੀ ਨੂੰ ਬਾਦਸ਼ਾਹ ਦੇ ਮਾਲੀਏ ਨਾਲ਼ੋਂ ਵੀ ਕਿਤੇ ਬਿਹਤਰ ਢੰਗ ਨਾਲ਼ ਸੰਗਤ ਦੀ ਭੇਟਾ ਲਗਾਤਾਰ ਪ੍ਰਾਪਤ ਹੋ ਰਹੀ ਸੀ। ਇਸ ਨਾਲ਼ ਗੁਰੂ ਜੀ ਨੇ ਪੂਰਬ ਅੰਦਾਜ਼ਾ ਲਾ ਕੇ ਯੋਜਨਾਵਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ।

ਗੁਰੂ ਜੀ ਨੇ ਜਨ ਸਧਾਰਰਨ ਦੀਆਂ ਭਾਵਨਾਂਵਾਂ ਦਾ ਹਮੇਸ਼ਾ ਖ਼ਿਆਲ ਰੱਖਿਆ। ਚੰਦੂ ਵਲੋਂ ਗੁਰੂ ਘਰ ਦੀ ਸ਼ਾਨ ਖ਼ਿਲਾਫ਼ ਬੋਲੇ ਕਥਨਾਂ ਕਾਰਨ ਸੰਗਤ ਦੀਆਂ

ਭਾਵਨਾਵਾਂ ਅਨੁਸਾਰ ਹੀ ਗੁਰੂ ਜੀ ਨੇ ਉਸ ਦੀ ਬੇਟੀ ਦਾ ਰਿਸ਼ਤਾ ਆਪਣੇ ਬੇਟੇ ਲਈ ਲੈਣ ਤੋਂ ਇਨਕਾਰ ਕਰ ਦਿੱਤਾ। ਸੱਯਦ ਮੁਹੰਮਦ ਲਤੀਫ਼ ਅਨੁਸਾਰ ਗੁਰੂ ਜੀ ਨੂੰ ਚੰਦੂ ਨੇ ਇੱਕ ਲੱਖ ਰੁਪਏ ਦਾਜ ਦਾ ਲਾਲਚ ਦਿੱਤਾ ਗੁਰੂ ਜੀ ਨੇ ਉਸ ਨੂੰ ਸਾਫ਼ ਕਰ ਦਿੱਤਾ ਕਿ ਜੇ ਉਹ ਸਾਰਾ ਸੰਸਾਰ ਵੀ ਦਾਜ ਵਿੱਚ ਦੇ ਦੇਵੇ ਤਾਂ ਵੀ ਉਸ ਦੀ ਬੇਟੀ ਨਾਲ਼ ਗੁਰੂ ਜੀ ਆਪਣੇ ਪੁੱਤਰ ਦਾ ਵਿਆਹ ਨਹੀਂ ਕਰਨਗੇ। ਗੁਰੂ ਜੀ ਨੇ ਲਾਲਚ ਅਤੇ ਡਰ ਦੋਹਾਂ ਨੂੰ ਦਰ ਕਿਨਾਰ ਕਰ ਸੰਗਤ ਦੀਆਂ ਭਾਵਨਾਵਾਂ ਅਤੇ ਇਖ਼ਲਾਕੀ ਉੱਚਤਾ ਦੀ ਮਿਸਾਲ ਕਾਇਮ ਕੀਤੀ। ਗੁਰੂ ਜੀ ਨਾ ਕੇਵਲ ਹਿੰਦੂਆਂ ਵਿੱਚ ਸਗੋਂ ਸਮਝਦਾਰ ਮੁਸਲਮਾਨਾਂ ਵਿੱਚ ਵੀ ਹਰਮਨ ਪਿਆਰੇ ਸਨ। ਹਕੂਮਤ ਧਰਮ ਗੁਰੂਆਂ ਦਾ ਆਪਣੇ ਜਾਇਜ਼-ਨਜ਼ਾਇਜ਼ ਕੰਮਾਂ ਲਈ ਸਮਰਥਨ ਚਾਹੁੰਦੀ ਸੀ। ਗੁਰੂ ਜੀ ਹਕੂਮਤ ਦੀਆਂ ਲੋਕ-ਮਾਰੂ ਨੀਤੀਆਂ ਦਾ ਸਮਰਥਨ ਕਰਨ ਦੀ ਥਾਂ ਲੋਕਾਂ ਦੇ ਦੁੱਖ ਵਿੱਚ ਉਹਨਾਂ ਨਾਲ਼ ਖੜ੍ਹੇ। ਗੁਰੂ ਜੀ ਦੀ ਸਰਬ ਧਰਮ ਸਨਮਾਨ ਅਤੇ ਮਨੁੱਖਤਾ ਅੰਦਰ ਬਰਾਬਰੀ ਤੇ ਸਹਿਯੋਗ ਪੈਦਾ ਕਰਨ ਦੀ ਨੀਤੀ ਗੁਰੂ ਜੀ ਦੀ ਤੁਅੱਸਬੀ ਹਕੂਮਤ ਹੱਥੋਂ ਸ਼ਹਾਦਤ ਦਾ ਵੱਡਾ ਕਾਰਨ ਬਣੀ। ਚੰਦੂ ਵਰਗੇ ਦੋਖੀਆਂ ਨੇ ਵੀ ਇਸ ਵਿੱਚ ਅਤਿ ਘਿਣਾਉਣਾ ਪਾਪ ਕਮਾਇਆ।

ਗੁਰੂ ਜੀ ਦੀ ਲਾਸਾਨੀ ਸ਼ਹਾਦਤ ਮਾਨਵਤਾ ਵਿਰੋਧੀ ਸ਼ਕਤੀਆਂ ਦੀ ਦਹਿਸ਼ਤ ਦਾ ਮੁਕਾਬਲਾ ਸਿਦਕ ਨਾਲ਼ ਕਰਨ ਦਾ ਸੁਨੇਹਾ ਦਿੰਦੀ ਹੈ। ਗੁਰੂ ਜੀ ਨੇ ਤੱਤੀ ਰੇਤ, ਤੱਤੀ ਤਵੀ ਅਤੇ ਉਬਲਦੀ ਦੇਗ ਦੇ ਕਹਿਰ 'ਤੇ ਸ਼ਾਂਤੀ ਅਤੇ ਅਡੋਲਤਾ ਨਾਲ਼ ਫਤਹਿ ਹਾਸਲ ਕੀਤੀ। ਸਾਂਈ ਮੀਆਂ ਮੀਰ ਗੁਰੂ ਜੀ ਤੇ ਢਾਹੇ ਜਾ ਰਹੇ ਅੰਤਾਂ ਦੇ ਜ਼ੁਲਮਾਂ ਨੂੰ ਦੇਖ ਕੇ ਲਾਹੌਰ 'ਤੇ ਕਹਿਰ ਵਰਤਾ ਦੇਣਾ ਚਾਹੁੰਦੇ ਸਨ, ਪਰ ਗੁਰੂ ਜੀ ਨੇ ਉਹਨਾਂ ਨੂੰ ਰੋਕ ਕੇ ਭਾਣਾ ਮਿੱਠਾ ਕਰਕੇ ਮੰਨਣ ਦਾ ਅਥਾਹ ਸਿਦਕ ਦਿਖਾਇਆ। ਗੁਰੂ ਅਰਜਨ ਦੇਵ ਜੀ ਦਾ ਜੀਵਨ ਅਤੇ ਸ਼ਹਾਦਤ ਮਨੁੱਖਤਾ ਦੀ ਸੇਵਾ ਅਤੇ ਆਲਮੀ ਸਦਭਾਵਨਾ ਦਾ ਸੰਦੇਸ ਦਿੰਦੀ ਹੈ।







ਗੁਰਚਰਨ ਸਿੰਘ ਨੂਰਪੁਰ
98550-51099

# ਕਿਤਾਬਾਂ ਦੀ ਕਰਾਮਾਤ

ਆਦਿ ਕਾਲ ਤੋਂ ਅੱਜ ਤੱਕ ਦੀ ਸੱਭਿਅਤਾ ਤੱਕ ਮਨੁੱਖ ਨੇ ਆਪਣੀ ਵਰਤੋਂ ਲਈ ਹਜਾਰਾਂ ਵਸਤਾਂ ਬਣਾਈਆਂ, ਪਰ ਉਸ ਦੀ ਹੁਣ ਤੱਕ ਦੀ ਸਭ ਤੋਂ ਉੱਤਮ ਕਿਰਤ ਕਿਤਾਬ ਹੈ।

ਕਈ ਸਦੀਆਂ ਦੇ ਯਤਨਾਂ ਮਗਰੋਂ ਮਨੁੱਖ ਅੱਖਰ ਬਣਤਰ ਤੱਕ ਪਹੁੰਚਿਆ, ਅੱਖਰਾਂ ਤੋਂ ਸ਼ਬਦ ਬਣੇ, ਸ਼ਬਦਾਂ ਤੋਂ ਵਾਕ ਤੇ ਵਾਕਾਂ ਤੋਂ ਪੋਥੀਆਂ ਤੇ ਗ੍ਰੰਥ ਬਣੇ। ਸ਼ਬਦਾਂ ਬਹੁਤ ਵੱਡੀ ਤਾਕਤ ਹੁੰਦੇ ਹਨ। ਸਾਡੇ ਗੁਰੂ ਸਾਹਿਬਾਨ ਨੇ ਸ਼ਬਦ ਨੂੰ ਗੁਰੂ-ਸ਼ਬਦ ਆਖ ਨੇ ਸਾਨੂੰ ਇਹਨਾਂ ਦੀ ਮਹਾਨਤਾ ਦਾ ਅਹਿਸਾਸ ਕਰਾਇਆ। ਕਿਹਾ ਜਾਂਦਾ ਹੈ ਕਿ ਪੱਥਰ ਖੁਰ ਜਾਂਦੇ ਹਨ ਪਰ ਸ਼ਬਦ ਨਹੀਂ।

ਰਿਗਵੇਦ ਨੂੰ ਦੁਨੀਆ ਦਾ ਸਭ ਤੋਂ ਪਹਿਲਾ ਗ੍ਰੰਥ ਮੰਨਿਆ ਜਾਂਦਾ ਹੈ। ਇਹਦੀ ਰਚਨਾ ਪੰਜਾਬ ਦੀ ਧਰਤੀ 'ਤੇ ਹੋਈ। ਇਹ ਗ੍ਰੰਥ 3500 ਤੋਂ 4000 ਸਾਲ ਪੁਰਾਣਾ ਹੈ। ਰਿਗਵੇਦ ਦੀ ਰਚਨਾ ਪੰਜਾਬ ਵਿੱਚ ਹੋਈ। ਪੰਜਾਬੀਆਂ ਨੂੰ ਇਹ ਮਾਣ ਹੈ ਜਦੋਂ ਪੂਰੀ ਦੁਨੀਆ ਦੇ ਲੋਕ ਜੰਗਲਾਂ ਪਹਾੜਾਂ ਜਾਨਵਰਾਂ ਵਰਗਾ ਜੀਵਨ ਬਤੀਤ ਕਰ ਰਹੇ ਸਨ ਤਾਂ ਉਸ ਸਮੇਂ ਇੱਥੋਂ ਦੇ ਲੋਕਾਂ ਦੀ ਸ਼ਬਦ ਨਾਲ਼ ਸਾਂਝ ਬਣ ਚੁੱਕੀ ਸੀ। ਪਹਿਲਾਂ ਮਨੁੱਖ ਨੇ ਪੱਥਰਾਂ 'ਤੇ ਲਿਖਣਾ ਸ਼ੁਰੂ ਕੀਤਾ ਮਗਰੋਂ ਪੱਤਿਆਂ ਤੇ ਮਗਰੋਂ ਜਦੋਂ ਉਸ ਨੂੰ ਕੱਪੜਾ ਬੁਨਣ ਦੀ ਜਾਂਚ ਆਈ ਤਾਂ ਉਹ ਕੱਪੜੇ ਤੇ ਲਿਖਣ ਲੱਗਾ ਕਈ ਸਦੀਆਂ ਮਗਰੋਂ ਉਸ ਨੇ ਕਾਗਜ਼ ਦੀ ਖੋਜ ਕੀਤੀ ਤੇ ਕਿਤਾਬਾਂ ਹੋਂਦ ਵਿੱਚ ਆਈਆਂ।

ਸ਼ਬਦ ਦੀ ਸ਼ਕਤੀ ਕੀ ਹੈ ਇਸ ਬਾਰੇ ਇੱਕ ਕਥਾ ਹੈ ਕਿ ਇੱਕ ਵਾਰ ਇੱਕ ਰਾਜਾ ਇੱਕ ਵਿਦਵਾਨ ਤੋਂ ਬੜਾ ਪ੍ਰਭਾਵਤ ਸੀ ਉਸ ਨੇ ਕਿਹਾ ਕਿ ਮੈਨੂੰ ਕੋਈ ਅਜਿਹਾ ਮੰਤਰ ਦਿਓ ਜੋ ਹਰ ਸੰਕਟ ਵਿੱਚ ਕੰਮ ਆ ਸਕੇ। ਵਿਦਵਾਨ ਨੇ ਰਾਜੇ ਨੂੰ ਕਿਹਾ ਕਿ ਉਹ ਦੋ ਮਹੀਨੇ ਬਾਅਦ ਮੇਰੇ ਕੋਲ਼ ਆਵੇ। ਜਦੋਂ ਰਾਜਾ ਦੁਬਾਰਾ ਗਿਆ ਤਾਂ ਵਿਦਵਾਨ ਨੇ ਇੱਕ ਅੰਗੂਠੀ ਦਿੰਦਿਆਂ ਰਾਜੇ ਨੂੰ ਕਿਹਾ ਇਹਦੇ ਨਗ ਦੇ ਹੇਠ ਇੱਕ ਕਾਗ਼ਜ਼ ਦੇ ਛੋਟੇ ਟੁੱਕੜੇ ਤੇ ਕੁਝ ਸ਼ਬਦ ਲਿਖੇ ਹਨ ਇਹ ਸੰਕਟ ਸਮੇਂ ਤੁਹਾਡੀ ਅਗਵਾਈ ਕਰਨਗੇ, ਪਰ ਯਾਦ ਰੱਖਣਾ ਮੁੰਦਰੀ ਦੇ ਇਸ ਨਗ ਨੂੰ ਉਦੋਂ ਹੀ ਉਖਾੜਨਾ ਤੇ ਪੜ੍ਹਨਾ ਜਦੋਂ ਸਭ ਹੀਲੇ ਸਮਾਪਤ ਹੋ ਜਾਣ ਪਹਿਲਾਂ ਨਹੀਂ। ਸਮਾਂ ਬੀਤਿਆ ਕਈ ਸੰਕਟ ਸਮੱਸਿਆਵਾਂ ਆਈਆਂ ਤੇ ਚਲੀਆਂ ਗਈਆਂ, ਪਰ ਰਾਜੇ ਨੇ ਮੁੰਦਰੀ ਦਾ ਨਗ ਉਖਾੜ ਕੇ ਨਾ ਵੇਖਿਆ।

ਫਿਰ ਇੱਕ ਸਮਾਂ ਅਜਿਹਾ ਆਇਆ ਜਦੋਂ ਗੁਆਂਢੀ ਰਾਜੇ ਨੇ ਉਸ ਦੇ ਰਾਜ 'ਤੇ ਹਮਲਾ ਕਰ ਦਿੱਤਾ। ਘਮਸਾਣ ਦਾ ਯੁੱਧ ਹੋਇਆ ਰਾਜੇ ਦੀ ਫ਼ੌਜ ਗੁਆਂਢੀ ਫ਼ੌਜ ਅੱਗੇ ਹਾਰ ਗਈ। ਹਾਰ ਨੂੰ ਦੇਖਦਿਆਂ ਰਾਜਾ ਆਪਣੀ ਜਾਨ ਬਚਾਉਣ ਲਈ ਘੋੜੇ ਤੇ ਯੁੱਧ ਮੈਦਾਨ ਵਿੱਚੋਂ ਭੱਜ ਨਿਕਲਿਆ, ਪਰ ਦੁਸ਼ਮਣ ਦੀ ਫ਼ੌਜ ਨੂੰ ਪਤਾ ਚੱਲ ਗਿਆ। ਫ਼ੌਜ ਦੀ ਟੁੱਕੜੀ ਰਾਜੇ ਦਾ ਪਿੱਛਾ ਕਰਨ ਲੱਗੀ। ਪਹਾੜੀ ਇਲਾਕੇ ਵਿੱਚ ਰਾਜਾ ਦੁਸ਼ਮਣ ਦੀ ਫ਼ੌਜ ਤੋਂ ਬਚਦਾ ਬਚਾਉਂਦਾ ਇੱਕ ਪਹਾੜੀ ਰਸਤੇ ਦਾ ਮੋੜ ਮੁੜ ਗਿਆ ਮੋੜ ਮੁੜਦਿਆਂ ਕੁਝ ਫ਼ਾਸਲੇ ਤੇ ਰਸਤਾ ਮੁੱਕ ਗਿਆ ਅੱਗੇ ਡੂੰਘੀ ਖਾਈ ਸੀ। ਰਾਜੇ ਦਾ ਘੋੜਾ ਖਾਈ ਵਿੱਚ ਡਿੱਗਦਾ-ਡਿੱਗਦਾ ਮਸਾਂ ਬਚਿਆ। ਦੁਸ਼ਮਣ ਫ਼ੌਜ ਪਿੱਛੇ ਆ ਰਹੀ ਸੀ। ਰਾਜੇ ਨੂੰ ਇਸ ਸਮੇਂ ਮੁੰਦਰੀ ਦਾ ਖ਼ਿਆਲ ਆਇਆ ਉਸ ਨੇ ਛੁਰੀ ਦੀ ਨੋਕ ਨਾਲ਼ ਮੁੰਦਰੀ ਦਾ ਨਗ ਉਖਾੜਿਆ। ਕਾਗ਼ਜ਼ ਕੱਢਿਆ, ਪੜ੍ਹਿਆ ਉਪਰ ਲਿਖਿਆ ਸੀ "ਇਹ ਵਕਤ ਵੀ ਬੀਤ ਜਾਵੇਗਾ।" ਇਹਨਾਂ ਸ਼ਬਦਾਂ ਨਾਲ਼ ਰਾਜੇ ਅੰਦਰ ਵਿਲੱਖਣ ਊਰਜਾ ਦਾ ਸੰਚਾਰ ਹੋਇਆ। ਰਾਜੇ ਨੇ ਮੁੰਦਰੀ ਨੂੰ ਬੰਦ ਕਰਕੇ ਆਪਣੇ ਚੋਲ਼ੇ ਦੇ ਖੀਸੇ ਵਿੱਚ ਸੰਭਾਲ਼ ਲਿਆ। ਦੁਸ਼ਮਣ ਦੀ ਫ਼ੌਜ ਮੋੜ ਮੁੜਨ ਦੀ ਬਜਾਏ ਅੱਗੇ ਲੰਘ ਗਈ। ਰਾਜੇ ਦੀ ਜਾਨ ਬਚ ਗਈ, ਕਈ ਮਹੀਨਿਆਂ ਦੀ ਮਿਹਨਤ ਮਗਰੋਂ ਉਸ ਨੇ ਲੁਕਵੀ ਥਾਂ ਤੇ ਆਪਣੀ ਫ਼ੌਜ ਨੂੰ ਸੰਗਠਨ ਕਰਨਾ ਸ਼ੁਰੂ ਕੀਤਾ। ਮਿੱਤਰ ਰਾਜਿਆਂ ਦੀ ਮਦਦ ਲਈ ਵੱਡੀ ਫ਼ੌਜ ਬਣਾ ਕੇ ਦੁਸ਼ਮਣ ਰਾਜੇ ਨੂੰ ਮੈਦਾਨ-ਏ-ਜੰਗ ਵਿੱਚ ਲਲਕਾਰਿਆ ਯੁੱਧ ਵਿੱਚ ਜਿੱਤ ਪ੍ਰਾਪਤ ਕੀਤੀ ਤੇ ਆਪਣਾ ਰਾਜ ਭਾਗ ਮੁੜ ਹਥਿਆ ਲਿਆ। ਰਾਜਾ ਹੁਣ ਵੀ ਉਹਨਾਂ ਸ਼ਬਦਾਂ ਇਹ ਸਮਾਂ ਵੀ ਬੀਤ ਜਾਵੇਗਾ ਨੂੰ ਕਦੇ ਕਦੇ ਪੜ੍ਹਦਾ ਸ਼ਬਦ ਉਹਨੂੰ ਅਹਿਸਾਸ ਕਰਾਉਂਦੇ ਚੰਗਾ ਮਾੜਾ ਦੋਹਾਂ ਤਰ੍ਹਾਂ ਦਾ ਸਮਾਂ ਸਦਾ ਨਹੀਂ ਰਹਿਣਾ ਹੁੰਦਾ।

ਜ਼ਫ਼ਰਨਾਮੇ ਦੇ ਸ਼ਬਦਾਂ ਦੀ ਸ਼ਕਤੀ ਸੀ ਕਿ ਔਰੰਗਜੇਬ ਨੂੰ ਉਹਦੇ ਜ਼ੁਲਮ ਦਾ ਗੁਰੂ ਗੋਬਿੰਦ ਸਿੰਘ ਜੀ ਨੇ ਇੰਨੀ ਸਿੱਦਤ ਨਾਲ਼ ਅਹਿਸਾਸ ਕਰਾਇਆ ਕਿ ਉਹ ਅੰਦਰੋਂ ਟੁੱਟ ਗਿਆ।

ਕਿਸੇ ਨੇ ਸੱਚ ਹੀ ਕਿਹਾ ਹੈ ਕਿ ਸ਼ਬਦਾਂ ਨਾਲ਼ ਤੁਸੀਂ ਸਾਰਾ ਸੰਸਾਰ ਜਿੱਤ ਸਕਦੇ ਹੋ, ਪਰ ਤਲਵਾਰ ਨਾਲ਼ ਨਹੀਂ। ਸ਼ਬਦ ਦੀ ਅਹਿਮੀਅਤ ਨੂੰ ਸਮਝ ਜਾਣ ਵਾਲ਼ੇ ਲੋਕ ਸਾਰੀ ਉਮਰ ਕਿਤਾਬਾਂ ਨਾਲ਼ ਲਗਾਵ ਰੱਖਦੇ ਹਨ ਅਤੇ ਚੰਗੀਆਂ ਕਿਤਾਬਾਂ ਪੜ੍ਹਨ ਨਾਲ਼ ਸਾਡੀ ਸਖ਼ਸ਼ੀਅਤ ਵਿੱਚ ਬੁਲੰਦੀ ਆਉਣ ਲੱਗਦੀ ਹੈ। ਅਸੀਂ ਆਖ ਸਕਦੇ ਹਾਂ ਕਿ ਕਿਤਾਬਾਂ ਵਿੱਚ ਪੁਰਸ਼ ਨੂੰ ਮਹਾਂਪੁਰਸ਼ ਬਣਾਉਣ ਦੀ ਤਾਕਤ ਛੁਪੀ ਹੁੰਦੀ ਹੈ।

ਕਿਤਾਬਾਂ ਦੀ ਮਹਾਨਤਾ ਬਾਰੇ ਲਿਖਦਿਆਂ ਇੱਕ ਵਿਦਵਾਨ ਜੇਮਜ਼ ਰਸੱਲ ਲਿਖਦਾ ਹੈ: ਕਿਤਾਬਾਂ ਤਾਂ ਸ਼ਹਿਦ ਦੀਆਂ ਮੱਖੀਆਂ ਵਾਂਗ ਹੁੰਦੀਆਂ ਹਨ ਜੋ ਫੁੱਲਾਂ ਦੇ ਬੂਰ ਨੂੰ ਇੱਕ ਦਿਮਾਗ ਤੋਂ ਦੂਜੇ ਤੱਕ ਲੈ ਕੇ ਜਾਂਦੀਆਂ ਹਨ।

ਕਿਤਾਬਾਂ ਸਾਨੂੰ ਬੀਤੇ ਲੰਘ ਗਏ ਸਮਿਆਂ ਦੇ ਦਰਸ਼ਨ ਕਰਵਾਉਂਦੀਆਂ ਹਨ। ਸਦੀਆਂ ਪਹਿਲਾਂ ਹੋਏ ਲੋਕਾਂ ਨਾਲ਼ ਮਿਲਵਾਉਂਦੀਆਂ ਹਨ। ਦੁਨੀਆ ਵਿੱਚ ਵਾਪਰੀਆਂ ਪ੍ਰਮੁੱਖ ਘਟਨਾਵਾਂ ਦੇ ਦ੍ਰਿਸ਼ ਸਾਡੀਆਂ ਅੱਖਾਂ ਅੱਗੇ ਪੇਸ਼ ਕਰਦੀਆਂ ਹਨ। ਅਰਬ ਦੀ ਇੱਕ ਬੜੀ ਦਿਲਚਸਪ ਕਹਾਵਤ ਹੈ, "ਕਿਤਾਬ ਜੇਬ ਵਿੱਚ ਰੱਖੇ ਗੁਲਾਬ ਵਾਂਗ ਹੁੰਦੀ ਹੈ।"

ਕਿਤਾਬਾਂ ਅਨੇਕਾਂ ਤਰ੍ਹਾਂ ਦੀਆਂ ਹੁੰਦੀਆਂ ਹਨ, ਪਰ ਮੋਟੇ ਤੌਰ ਤੇ ਕਿਤਾਬਾਂ ਚਾਰ ਤਰ੍ਹਾਂ ਦੀਆਂ ਹੁੰਦੀਆਂ ਹਨ। ਇੱਕ ਉਹ ਕਿਤਾਬਾਂ ਜੋ ਅਸੀਂ ਆਪ ਵੀ ਨਹੀਂ ਪੜ੍ਹਦੇ ਤੇ ਮੁਫ਼ਤ ਵਿੱਚ ਕਿਸੇ ਹੋਰ ਨੂੰ ਫੜਾ ਦਿੰਦੇ ਹਾਂ। ਦੂਜੀਆਂ ਉਹ ਜੋ ਅਸੀਂ ਆਪ ਪੜ੍ਹਦੇ ਹਾਂ ਤੇ ਦੋਸਤਾਂ ਨੂੰ ਇਹ ਕਹਿ ਕੇ ਰੋਕ ਦਿੰਦੇ ਹਾਂ ਕਿ ਐਵੈਂ ਸਮਾਂ ਬਰਬਾਦ ਕਰਨਾ ਹੈ ਬਸ ਇਸ ਲਈ ਨਾ ਪੜ੍ਹੋ। ਤੀਜੀਆਂ ਉਹ ਜੋ ਅਸੀਂ ਬੜੀ ਦਿਲਚਸਪੀ ਨਾਲ਼ ਪੜ੍ਹਦੇ ਹਾਂ ਅਤੇ ਹੋਰ ਦੋਸਤਾਂ ਮਿੱਤਰਾਂ ਨੂੰ ਪੜ੍ਹਨ ਦੀ ਸਲਾਹ ਦਿੰਦੇ ਹਾਂ। ਚੌਥੀ

ਕਿਸਮ ਦੀਆਂ ਉਹ ਕਿਤਾਬਾਂ ਹੁੰਦੀਆਂ ਹਨ ਜਿਹਨਾਂ ਨੂੰ ਜਦੋਂ ਅਸੀਂ ਪੜ੍ਹਦੇ ਹਾਂ ਤਾਂ ਪੜ੍ਹਦਿਆਂ-ਪੜ੍ਹਦਿਆਂ ਡਰ ਲੱਗਦਾ ਹੈ ਕਿ ਕਿਤੇ ਇਹ ਕਿਤਾਬ ਜਲਦੀ ਖ਼ਤਮ ਨਾ ਹੋ ਜਾਵੇ। ਚੌਥੀ ਕਿਸਮ ਦੀਆਂ ਕਿਤਾਬਾਂ ਉਹ ਹੁੰਦੀਆਂ ਹਨ, ਜੋ ਅਸੀਂ ਕਿਸੇ ਨੂੰ ਨਹੀਂ ਦਿੰਦੇ। ਜੇਕਰ ਕੋਈ ਮੰਗ ਕੇ ਲੈ ਵੀ ਜਾਵੇ ਤਾਂ ਦੁਬਾਰਾ ਆਪਣੀ ਲਾਇਬਰੇਰੀ ਵਿੱਚ ਖ਼ਰੀਦ ਕੇ ਰੱਖਣ ਤੱਕ ਸਾਨੂੰ ਚੈਨ ਨਹੀਂ ਆਉਂਦਾ।

ਕਿਤਾਬਾਂ ਜ਼ਰੂਰ ਪੜ੍ਹਿਓ, ਕਿਉਂਕਿ ਕਿਤਾਬਾਂ ਪੁਰਸ਼ ਨੂੰ ਮਹਾਂਪੁਰਸ਼ ਬਣਾਉਣ ਦੀ ਯੋਗਤਾ ਰੱਖਦੀਆਂ ਹਨ।

ਪੰਜਾਬ ਦੀ ਧਰਤੀ ਉਹਨਾਂ ਮਹਾਨ ਮਹਾਂਪੁਰਸ਼ਾਂ ਦੀ ਧਰਤੀ ਹੈ ਜਿਹਨਾਂ ਆਪਣੀ ਬੌਧਿਕਤਾ ਨਾਲ਼ ਸਾਰੀ ਦੁਨੀਆ ਨੂੰ ਪ੍ਰਭਾਵਿਤ ਕੀਤਾ। ਗੁਰੂ ਨਾਨਕ ਦੇਵ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤਕ ਸਾਡੇ ਦਸ ਗੁਰੂ ਸਹਿਬਾਨ ਇਸ ਧਰਤੀ 'ਤੇ ਵਿਚਰੇ ਅਤੇ ਆਪਣੀ ਵਿਚਾਰਧਾਰਾ ਰਾਹੀਂ ਸਮੇਂ ਨੂੰ ਬੜੀ ਵੱਡੀ ਦੇਣ ਦਿੱਤੀ। ਜੋ ਕਿਹਾ ਉਹ ਸਿਰਫ਼ ਕਿਹਾ ਹੀ ਨਹੀਂ ਬਲਕਿ ਕਰ ਕੇ ਵਿਖਾਇਆ। ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਥਾਪਨਾ ਕੀਤੀ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜਾ ਨੇ ਸ਼ਬਦ ਨੂੰ ਗੁਰੂ ਦਾ ਦਰਜਾ ਦਿੰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਦਿੱਤੀ ਅਤੇ ਆਪ ਵੀ ਸ਼ਬਦ ਗੁਰੂ ਅੱਗੇ ਨਤਮਸਤਕ ਹੋਏ।

ਭਗਤ ਪੂਰਨ ਸਿੰਘ ਜੀ ਨੇ ਮਨੁੱਖਤਾ ਦੀ ਸੇਵਾ ਕਰਕੇ ਦੇਸ ਵਿੱਚ ਹੀ ਨਹੀਂ ਪੂਰੀ ਦੁਨੀਆ ਵਿੱਚ ਆਪਣੀ ਮਿਸਾਲ ਕਾਇਮ ਕੀਤੀ। ਭਗਤ ਜੀ ਕਿਤਾਬਾਂ ਪੜ੍ਹਨ ਨੂੰ ਆਪਣਾ ਨੇਮ ਸਮਝਦੇ ਸਨ। ਸ਼ਬਦਾਂ ਦੀ ਤਾਕਤ ਨੂੰ ਬਹੁਤ ਚੰਗੀ ਤਰ੍ਹਾਂ ਜਾਣਦੇ ਪਹਿਚਾਣਦੇ ਸਨ। ਉਹ ਆਪ ਵੀ ਇੱਕ ਚੰਗੇ ਲੇਖਕ ਸਨ।

ਇੰਗਲੈਂਡ ਫ਼ਰਾਂਸ ਵਰਗੇ ਮੁਲਕਾਂ ਵਿੱਚ ਕਿਤਾਬਾਂ ਪੜ੍ਹਨ ਦਾ ਰਿਵਾਜ ਪਹਿਲਾਂ ਵੀ ਸਾਡੇ ਤੋਂ ਵੱਧ ਸੀ ਅੱਜ ਵੀ ਹੈ। ਕਈ ਮੁਲਕਾਂ ਵਿੱਚ ਜੇਕਰ ਬੱਸ ਵਿੱਚ ਪੰਜਾਹ ਯਾਤਰੀ ਸਫ਼ਰ ਕਰ ਰਹੇ ਹੁੰਦੇ ਸਨ ਤਾਂ ਇਹਨਾਂ ਚੋਂ ਚਾਲੀ ਕੋਈ ਨਾ ਕੋਈ ਕਿਤਾਬ ਜਾਂ ਮੈਗ਼ਜੀਨ ਪੜ੍ਹ ਰਹੇ ਹੁੰਦੇ ਸਨ। ਕਿਤਾਬਾਂ ਕਿਸੇ ਵੀ ਸਮੇਂ ਨੂੰ ਚੰਗਾ ਬਣਾਉਣ ਵਿੱਚ ਸਭ ਤੋਂ ਵੱਡਾ ਰੋਲ ਅਦਾ ਕਰਦੀਆਂ ਹਨ। ਅੱਜ ਜੇਕਰ ਸਾਡੀ ਨੌਜਆਨ ਪੀੜ੍ਹੀ ਦੂਜੇ ਮੁਲਕਾਂ ਵਿੱਚ ਆਪਣਾ ਭਵਿੱਖ ਤਲਾਸ਼ ਰਹੀ ਹੈ ਤਾਂ ਇਸ ਵਿੱਚ ਕਿਤੇ ਨਾ ਕਿਤੇ ਕਿਤਾਬਾਂ ਦਾ ਵੀ ਬਹੁਤ ਵੱਡਾ ਰੋਲ ਹੈ।

ਅਸੀਂ ਹੁਣ ਉਸ ਦੌਰ ਵਿੱਚ ਪ੍ਰਵੇਸ਼ ਕਰ ਗਏ ਹਾਂ ਜਿੱਥੇ ਅਨਪੜ੍ਹ ਹੀ ਨਹੀਂ ਪੜ੍ਹੇ ਲਿਖੇ ਵੀ ਚੀਜਾਂ ਨੂੰ ਪੜ੍ਹਨ ਦੀ ਬਜਾਏ ਵੇਖਣ ਦੇ ਆਦੀ ਹੋਣ ਲੱਗ ਪਏ ਹਨ। ਹੁਣ ਅਸੀਂ ਖ਼ਬਰਾਂ ਪੜ੍ਹਦੇ ਘੱਟ ਤੇ ਸੁਣਦੇ ਵੇਖਦੇ ਜ਼ਿਆਦਾ ਹਾਂ। ਪੜ੍ਹਨ ਦਾ ਰੁਝਾਨ ਘਟ ਰਿਹਾ ਹੈ। ਇੰਟਨੈੱਟ 'ਤੇ ਈ-ਬੁੱਕ ਦਾ ਰਿਵਾਜ਼ ਵਧ ਰਿਹਾ ਹੈ। ਅਸੀਂ ਕਿਤਾਬਾਂ ਤੋਂ ਕੁਝ ਦੂਰ ਹੋ ਗਏ ਹਾਂ। ਇਸ ਸਭ ਕੁਝ ਦੇ ਬਾਵਜੂਦ ਵੀ ਕਿਤਾਬਾਂ ਦੀ ਸਾਰਥਿਕਤਾ ਬਣੀ ਰਹੇਗੀ। ਉਸ ਦਾ ਕਾਰਨ ਇਹ ਹੈ ਕਿ ਇੰਟਰਨੈੱਟ 'ਤੇ ਕਿਤਾਬ ਪੜ੍ਹਦਿਆਂ ਕਾਲ, ਮੈਸੈਜ਼, ਕੋਈ ਐਡ ਸਾਡੀ ਇਕਾਗਰਤਾ ਨੂੰ ਵਾਰ-ਵਾਰ ਭੰਗ ਕਰਦੇ ਰਹਿੰਦੇ ਹਨ। ਸਕਰੀਨ ਦੀ ਰੌਸ਼ਨੀ ਵੀ ਸਾਡੀਆਂ ਅੱਖਾਂ ਨੂੰ ਪ੍ਰਭਾਵਿਤ ਕਰਦੀ ਹੈ ਅੱਖਾਂ ਥੱਕਣ ਲੱਗਦੀਆਂ ਹਨ। ਇਸ ਲਈ ਕਿਤਾਬ ਪੜ੍ਹਨ ਲਈ ਜੋ ਇਕਾਗਰਤਾ ਚਾਹੀਦਾ ਹੈ ਉਹ ਇੰਟਰਨੈੱਟ 'ਤੇ ਨਹੀਂ ਬਣ ਸਕਦੀ।

ਕਿਤਾਬਾਂ ਪੜ੍ਹਨ ਲਈ ਚਾਹੀਦਾ ਹੈ ਕਿ ਅਸੀਂ ਕਿਤਾਬ ਪੜ੍ਹਨ ਲਈ ਘਰ ਵਿੱਚ ਲਾਇਬਰੇਰੀ ਬਣਾਉਣ ਦੇ ਨਾਲ਼-ਨਾਲ਼ ਆਪਣੇ ਪੜ੍ਹਨ ਲਈ ਸਮਾਂ ਅਤੇ ਇੱਕ ਥਾਂ ਨਿਰਧਾਰਤ ਕਰੀਏ। ਹਰ ਰੋਜ ਕਿਸੇ ਕਿਤਾਬ ਦੇ ਦਸ ਬਾਰਾਂ ਪੰਨੇ ਪੜ੍ਹਨ ਨਾਲ਼ ਅਸੀਂ ਆਪਣੇ ਅੰਦਰ ਹੁੰਦੀ ਤਬਦੀਲੀ ਨੂੰ ਮਹਿਸੂਸ ਕਰ ਸਕਦੇ ਹਾਂ। ਇਸ ਲਈ ਸਾਨੂੰ ਚਾਹੀਦਾ ਹੈ ਕਿ ਅਸੀਂ ਪੜ੍ਹਨ ਲਈ ਅੱਧਾ ਘੰਟਾ ਜਾਂ ਇੱਕ ਘੰਟਾ ਰਾਖਵਾਂ ਰੱਖੀਏ। ਪੂਰਾ ਦਿਨ ਮੋਬਾਇਲ ਦੀ ਸਕਰੀਨ ਤੇ ਉਂਗਲਾਂ ਮਾਰ-ਮਾਰ ਕੇ ਅਸੀਂ ਬਹੁਤ

ਸਾਰਾ ਸਮਾਂ ਬਰਬਾਦ ਕਰ ਦਿੰਦੇ ਹਾਂ। ਬਹੁਤ ਸਾਰਾ ਡਾਟੇ ਦੇ ਰੂਪ ਵਿੱਚ ਫ਼ਜ਼ੂਲ ਕਚਰਾ ਅਸੀਂ ਆਪਣੇ ਦਿਮਾਗ਼ਾਂ ਵਿੱਚ ਭਰ ਰਹੇ ਹਾਂ। ਇਹ ਸਾਨੂੰ ਬੌਧਿਕ ਪੱਖ ਤੋਂ ਬੌਣਾ ਬਣਾ ਰਿਹਾ ਹੈ। ਚਾਹੀਦਾ ਇਹ ਹੈ ਕਿ ਅਸੀਂ ਆਪਣੀ ਸੋਚਣ ਦੇ ਢੰਗ ਨੂੰ ਵਿਗਿਆਨਕ ਬਣਾਉਣ ਲਈ ਚੰਗੀਆਂ ਕਿਤਾਬਾਂ ਪੜ੍ਹੀਏ।

ਇੱਕ ਵਾਰ ਕੇਰਲਾ ਜਾਣ ਦਾ ਮੌਕਾ ਮਿਲਿਆ ਅਸੀਂ ਉੱਥੇ ਕਿਤਾਬਾਂ ਦੀ ਫੜੀਆਂ ਲੱਗੀਆਂ ਵੇਖੀਆਂ। ਇੱਕ ਬੱਸ ਵਿੱਚ ਸਫ਼ਰ ਕਰਦਿਆਂ ਇੱਕ 55-60 ਸਾਲ ਦੀ ਔਰਤ ਕਿਤਾਬਾਂ ਵੇਚਣ ਲਈ ਬੱਸ ਤੇ ਚੜ੍ਹ ਆਈ ਇਹਦੇ ਕੋਲ਼ ਨਗਾਂ ਰਾਸ਼ੀਆਂ ਵਾਲ਼ੀਆਂ ਕਿਤਾਬਾਂ ਜੰਤਰੀਆਂ ਨਹੀਂ ਸਨ, ਬਲਕਿ ਵਿਸ਼ਵ ਦੇ ਪ੍ਰਸਿੱਧ ਲੇਖਕਾਂ ਦੀਆਂ ਜਗਤ ਪ੍ਰਸਿੱਧ ਕਿਤਾਬਾਂ ਸਨ। ਇੱਥੇ ਅਸੀਂ ਕਰਿਆਨੇ ਅਤੇ ਮੁਨਿਆਰੀ ਵਾਲ਼ੀਆਂ ਦੁਕਾਨਾਂ ਦੇ ਬਾਹਰ ਭੁਜੀਏ ਦੇ ਪੈਕਟਾਂ ਵਾਂਗ ਕਿਤਾਬਾਂ ਮੈਗਜੀਨ ਲਟਕਦੇ ਵੇਖੇ।

ਇੱਧਰ ਸਾਡੇ ਪੰਜਾਬੀ ਸਮਾਜ ਵਿੱਚ ਪੜ੍ਹਨ ਦੀ ਰੁਚੀ ਘਟ ਰਹੀ ਹੈ। ਟੀ.ਵੀ. ਚੈਨਲਾਂ ’ਤੇ ਅੰਧਵਿਸ਼ਵਾਸ਼ੀ ਪ੍ਰੋਗਰਾਮਾਂ ਦਾ ਪ੍ਰਸਾਰਨ, ਮੋਬਾਇਲ ਇੰਟਰਨੈੱਟ ਅਤੇ ਮਸ਼ੀਨੀ ਕਲਚਰ ਦਾ ਵਿਕਾਸ ਵਰਗੇ ਇਸ ਦੇ ਕਈ ਕਾਰਨ ਹਨ। ਬਹੁ ਗਿਣਤੀ ਪੰਜਾਬੀ ਪੜ੍ਹੇ ਲਿਖੇ ਹੋਣ ਦੇ ਬਾਵਜੂਦ ਅਖ਼ਬਾਰ ਤੱਕ ਨਹੀਂ ਪੜ੍ਹਦੇ, ਕਿਤਾਬਾਂ ਪੜ੍ਹਨੀਆਂ ਦੂਰ ਦੀ ਗੱਲ ਹੈ, ਸਾਡੇ ਲੋਕ ਮੋਬਾਇਲ ’ਤੇ ਟਿਊਨਾਂ ਲਗਵਾ ਕੇ ਜਾਂ ਫ਼ਜ਼ੂਲ ਹੀ ਕਿਸੇ ਨਾਲ਼ ਗੱਲਾਂ ਕਰਕੇ ਦਸ ਪੰਦਰਾਂ ਰੁਪਏ ਬਰਬਾਦ ਕਰ ਦੇਣਗੇ, ਪਰ 2-3 ਰੁਪਏ ਦਾ ਅਖ਼ਬਾਰ ਖ਼ਰੀਦਣਾ ਫ਼ਜ਼ੂਲ ਖ਼ਰਚੀ ਲੱਗਦਾ ਹੈ। ਧਨਾਢ ਲੋਕ ਘਰ ਬਣਾਉਦਿਆਂ ਵੇਖਾ-ਵੇਖੀ ਘਰਾਂ ਵਿੱਚ ਪੂਜਾ ਰੂਮ ਤਾਂ ਬਣਾ ਲੈਣਗੇ, ਪਰ ਕਿਤਾਬਾਂ ਲਈ ਘਰਾਂ ਵਿੱਚ ਕੋਈ ਥਾਂ ਨਹੀਂ ਹੁੰਦੀ। ਲੋਕ ਦਿਖਾਵਾ ਕਰਨ, ਫੋਕੀਆਂ ਰਸਮਾਂ, ਵਿਆਹਾਂ ਸ਼ਾਦੀਆਂ ਤੇ ਬੇਤਹਾਸ਼ਾ ਕਰਜਾ ਚੁੱਕ-ਚੁੱਕ ਕੇ ਪੈਸਾ ਲਾਉਣ, ਉੱਚੇ ਮਹਿੰਗੇ ਘਰ ਉਸਾਰਨ ਅਤੇ ਮਹਿੰਗੀਆਂ ਗੱਡੀਆਂ



ਖ਼ਰੀਦਣ ਵਿੱਚ ਸਾਡੇ ਲੋਕ ਇੱਕ ਦੂਜੇ ਤੋਂ ਵੱਧ ਕੇ ਔਖੇ ਹੋ ਕੇ ਵੀ ਪੈਸਾ ਲਾਉਣ ਲਈ ਤਿਆਰ ਰਹਿੰਦੇ ਹਨ। ਅਜਿਹੇ ਹੋਰ ਵੀ ਕਈ ਕੰਮ ਕਰਨ ਵਿੱਚ ਅਸੀਂ ਹਿੰਦੁਸਤਾਨ ਵਿੱਚੋਂ ਪਹਿਲੇ ਨੰਬਰ 'ਤੇ ਹਾਂ, ਪਰ ਬਹੁਗਿਣਤੀ ਲੋਕਾਂ ਦਾ ਕਿਤਾਬਾਂ ਦਾ ਬਜਟ ਜ਼ੀਰੋ ਹੁੰਦਾ ਹੈ। ਅਖ਼ੌਤੀ ਬਾਬਿਆਂ, ਡੇਰਿਆਂ, ਜੋਤਸ਼ੀਆਂ, ਵਸ਼ਤੂ ਸ਼ਾਸ਼ਤਰੀਆਂ ਦਾ ਕਾਰੋਬਾਰ ਵੀ ਪੰਜਾਬ ਵਿੱਚ ਭਾਰਤ ਦੇ ਦੂਜੇ ਸੂਬਿਆਂ ਦੇ ਮੁਕਾਬਲੇ ਜ਼ਿਆਦਾ ਚਮਕ ਰਿਹਾ ਹੈ। ਸਗੋਂ ਦੂਜਿਆਂ ਸੂਬਿਆਂ ਖ਼ਾਸ ਕਰਕੇ ਬੰਗਾਲ ਤੋਂ ਅਖ਼ੌਤੀ ਕਾਲ਼ੇ ਇਲਮ ਦੇ ਮਾਹਿਰ ਇੱਥੇ ਆ ਕੇ ਆਪਣੀਆਂ ਸੇਵਾਵਾਂ ਦੇ ਰਹੇ ਹਨ। ਭਾਵ ਪੰਜਾਬੀ ਲੋਕ ਆਪਣੀ ਲੁੱਟ ਕਰਵਾ ਕੇ ਉਹਨਾਂ ਨੂੰ ਮਾਲਾ-ਮਾਲ ਕਰ ਰਹੇ ਹਨ। ਸਾਡੇ ਕੋਲ਼ ਹਰ ਤਰ੍ਹਾਂ ਦੀਆਂ ਵਸਤਾਂ ਹਰ ਦਿਨ ਵਧ ਰਹੀਆਂ ਹਨ, ਪਰ ਬੌਧਿਕਤਾ ਪੱਖੋਂ ਅਸੀਂ ਕੰਗਾਲ਼ ਹੋ ਰਹੇ ਹਾਂ। ਜਿੱਥੇ ਕਿਤਾਬਾਂ ਦਾ ਨਿਰਾਦਰ ਹੋਵੇਗਾ ਉੱਥੇ ਮਨੁੱਖਤਾ ਦਾ ਵੀ ਨਿਰਾਦਰ ਹੋਵੇਗਾ।

ਬੇਸ਼ੱਕ ਕਿਤਾਬਾਂ ਘੱਟ ਪੜ੍ਹੀਆਂ ਜਾ ਰਹੀਆਂ ਹਨ, ਪਰ ਇਸ ਦੇ ਬਾਵਜੂਦ ਵੀ ਕਿਤਾਬਾਂ ਪਹਿਲਾਂ ਨਾਲ਼ੋਂ ਕਿਤੇ ਵੱਧ ਗਿਣਤੀ ਵਿੱਚ ਛਪ ਰਹੀਆਂ ਹਨ। ਕਿਤਾਬਾਂ ਦਾ ਘੜਮੱਸ ਹੈ। ਭੀੜ ਹੈ। ਕਿਤਾਬਾਂ ਪੜ੍ਹਨ ਦੀ ਚੇਸ਼ਠਾ ਕਰਨ ਵਾਲ਼ੇ ਕੁਝ ਕੁ ਲੋਕਾਂ ਨੂੰ ਕਿਤਾਬਾਂ ਦੀ ਚੋਣ ਕਰਨ ਵਿੱਚ ਬੜੀ ਮੁਸ਼ਕਿਲ ਆਉਂਦੀ ਹੈ। ਹਰ ਹਫ਼ਤੇ ਸੈਕੜਿਆਂ ਦੀ ਗਿਣਤੀ ਵਿੱਚ ਕਿਤਾਬਾਂ ਦਾ ਛਪਣਾ ਦੱਸਦਾ ਹੈ ਕਿ ਜ਼ਿਆਦਾਤਰ ਕਿਤਾਬਾਂ ਆਪਣੀ ਹਾਊਮੈ ਨੂੰ ਪੱਠੇ ਪਾਉਣ ਲਈ ਹੀ ਛਪਵਾਈਆਂ ਜਾਂਦੀਆਂ ਹਨ। ਇਸ ਮਗਰੋਂ ਇਹਨਾਂ ਨੂੰ ਰਿਲੀਜ਼ ਕਰਾਉਣ ਇਹਨਾਂ 'ਤੇ ਗੋਸ਼ਟੀਆਂ ਕਰਨ ਦੀਆਂ ਖ਼ਬਰਾਂ ਲਗਵਾ ਕੇ ਮਨ ਨੂੰ ਠੰਡਕ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਸਮਾਗਮਾਂ ਮਗਰੋਂ ਇਹਨਾਂ ਨੂੰ ਪ੍ਰਸ਼ਾਦ ਦੇ ਰੂਪ ਵਿੱਚ ਵੰਡ ਦਿੱਤਾ ਜਾਂਦਾ ਹੈ। ਬਹੁਤ ਸਾਰੀਆਂ ਕਿਤਾਬਾਂ ਅਜਿਹੀਆਂ ਹਨ, ਜੋ ਨਵੇਂ ਪਾਠਕਾਂ ਨੂੰ ਹੋਰ ਕਿਤਾਬਾਂ ਪੜ੍ਹਨ ਤੋਂ ਰੋਕ ਦਿੰਦੀਆਂ ਹਨ। ਇੱਥੇ ਪਾਠਕ ਨੂੰ ਚਾਹੀਦਾ ਹੈ ਕਿ ਉਹ ਨਿਰਾਸ਼ ਨਾ ਹੋਵੇ ਚੰਗੀਆਂ ਕਿਤਾਬਾਂ ਨੂੰ ਲੱਭਣ ਅਤੇ ਪੜ੍ਹਨ ਲਈ ਯਤਨਸ਼ੀਲ ਰਹੇ। ਸਾਹਿਤ ਸਭਾਵਾਂ ਅਤੇ ਪੁਸਤਕ ਮੇਲਿਆਂ ਵਿੱਚ ਜਾਵੇ। ਹੌਲ਼ੀ-ਹੌਲ਼ੀ ਬਹੁਮੁੱਲੀਆਂ ਕਿਤਾਬਾਂ ਨਾਲ਼ ਉਹਦੀ ਵਾਕਫ਼ੀ ਬਣ ਜਾਵੇਗੀ।

ਗੁਰਬਾਣੀ ਦਾ ਪਾਠ ਕਰਨ ਤੋਂ ਬਾਅਦ ਜਦੋਂ ਅਸੀਂ ਅਰਦਾਸ ਕਰਦੇ ਹਾਂ ਤਾਂ ਉਸ ਵਿੱਚ ਬਿਬੇਕ ਦਾਨ ਮੰਗਦੇ ਹਾਂ। ਜਿਸ ਦਾ ਭਾਵ ਹੈ ਸਾਡੀ ਸੋਚ-ਵਿਚਾਰ ਕਰਨ ਦੀ ਸ਼ਕਤੀ ਵਧੇ, ਪਰ ਇਸ ਲਈ ਅਸੀਂ ਆਪ ਬਹੁਤ ਘੱਟ ਜ਼ਹਿਮਤ ਕਰਦੇ ਹਾਂ। ਚੰਗੀਆਂ ਅਖਬਾਰਾਂ, ਚੰਗੀਆਂ ਕਿਤਾਬਾਂ ਇਸ ਵਿੱਚ ਸਾਡੀਆਂ ਸਭ ਤੋਂ ਵੱਖ ਸਹਾਈ ਹੋ ਸਕਦੀਆਂ ਹਨ। ਇਸ ਤੋਂ ਇਲਾਵਾਂ ਚੰਗੀ ਸੋਚ ਰੱਖਣ ਵਾਲ਼ੇ ਚੰਗੇ ਸਾਹਿਤਕਾਰਾਂ, ਲੇਖਕਾਂ, ਵਿਦਵਾਨਾਂ, ਚਿੰਤਕਾਂ ਦੇ ਸਕੂਲਾਂ ਕਾਲਜਾਂ ਵਿੱਚ ਸੈਮੀਨਾਰ ਕਰਵਾਉਣੇ ਚਾਹੀਦੇ ਹਨ। ਸੋਚ ਵਿਚਾਰ ਦਾ ਵਿਕਾਸ ਅਤੇ ਆਪਣੇ ਇਤਿਹਾਸ, ਵਿਰਸੇ ਦੇ ਮਹਾਨ ਲੋਕਾਂ ਦੀਆਂ ਨਿੱਗਰ ਕਦਰਾਂ ਕੀਮਤਾਂ ਗ੍ਰਹਿਣ ਕਰਕੇ ਅਸੀਂ ਬੌਧਿਕ ਪੱਖ ਤੋਂ ਅੱਗੇ ਵੱਧ ਸਕਦੇ ਹਾਂ।

ਚੀਨ ਦੇ ਲੋਕ ਆਖਦੇ ਹਨ ਕਿ "ਕਿਤਾਬ ਅੰਦਰ ਸੋਨੇ ਦਾ ਘਰ ਪਿਆ ਹੁੰਦਾ ਹੈ।" ਇਸੇ ਤਰ੍ਹਾਂ ਆਈਸਲੈਂਡ ਦੀ ਕਹਾਵਤ ਹੈ "ਕਿਤਾਬ ਵਿਹੂਣੇ ਹੋਣ ਨਾਲ਼ੋਂ ਜੁੱਤੀ ਵਿਹੂਣੇ ਹੋਣਾ ਬਿਹਤਰ ਹੈ।" ਕਿਤਾਬਾਂ ਸਾਡੀ ਜ਼ਿੰਦਗੀ ਦੇ ਬਹੁਤ ਸਾਰੇ ਦੁੱਖਾਂ ਨੂੰ ਹਮੇਸ਼ਾ ਲਈ ਦੂਰ ਕਰਨ ਦੀ ਸਮਰੱਥਾ ਰੱਖਦੀਆਂ ਹਨ। ਹੰਗਰੀ ਦੇ ਲੋਕ ਆਖਦੇ ਹਨ ਕਿਤਾਬ ਖ਼ਾਮੋਸ਼ ਗੁਰੂ ਹੁੰਦੀ ਹੈ।

ਉਹ ਲੋਕ ਵਿਚਾਰੇ ਕਿੰਨੇ ਬਦਕਿਸਮਤ ਸਨ ਜੋ ਕਿਤਾਬਾਂ ਪੜ੍ਹਨ ਤੋਂ ਵਿਰਵੇ ਹੀ ਇਸ ਦੁਨੀਆ ਤੋਂ ਚਲੇ ਜਾਣਗੇ। ਆਓ ਕਿਤਾਬਾਂ ਨਾਲ਼ ਸਾਂਝ ਪਾਈਏ ਘਰਾਂ ਤੇ ਦਿਲਾਂ ਵਿੱਚ ਕਿਤਾਬਾਂ ਨੂੰ ਥਾਂ ਦੇਈਏ।

ਮਨਮੋਹਨ ਸਿੰਘ ਦਾਊਂ
98151-26900



# ਤਿਲ ਦੀ ਮਨੁੱਖੀ ਜੀਵਨ ਸਾਂਝ

ਕਿਸੇ ਵਿਅਕਤੀ ਨਾਲ਼ ਜੇ ਸਾਡੀ ਜਾਣ-ਪਛਾਣ ਨਾ ਹੋਵੇ ਤਾਂ ਅਸੀਂ ਦੂਜੇ ਨੂੰ ਝਟ ਕਹਿ ਦਿੰਦੇ ਹਾਂ ਕਿ ਮੇਰੀ ਤਾਂ ਉਸ ਵਿਅਕਤੀ ਨਾਲ਼ ਤਿਲ ਜਿੰਨੀ ਵੀ ਸਾਂਝ ਨਹੀਂ, ਪਰ ਜੇਕਰ ਡੂੰਘੀ ਦ੍ਰਿਸ਼ਟੀ ਨਾਲ਼ ਵੇਖੀਏ ਤਾਂ ਪਤਾ ਲੱਗਦਾ ਹੈ ਕਿ ਨਿੱਕੇ ਜਿਹੇ ਤਿਲ ਦੀ ਸਾਂਝ ਤਾਂ ਸਾਡੇ ਜੀਵਨ ਨਾਲ਼ ਆਦਿ-ਕਾਲ ਤੋਂ ਜੁੜੀ ਹੋਈ ਹੈ।

ਸਨਾਤਨ ਧਰਮ ਦੇ ਰਿਸ਼ੀ-ਮੁਨੀਆਂ ਨੇ ਤਿਲ ਨੂੰ ਬਹੁਤ ਪਵਿੱਤਰ ਅੰਨ (ਭੋਜਨ) ਮੰਨਿਆ ਹੈ। ਤਿਲਾਂ ਦਾ ਦਾਨ ਵੱਡਾ ਪੁੰਨ ਮੰਨਿਆ ਗਿਆ। ਕਈ ਰਿਸ਼ੀ ਤਿਲ ਤੇ ਮਿੱਠੇ ਨੂੰ ਕੁੱਟਕੇ ਤਿਆਰ ਕੀਤਾ ਭੋਜਨ 'ਤਿਲਵਾ' ਹੀ ਖਾਇਆ ਕਰਦੇ ਸਨ। ਹਵਨ ਕਰਨ ਸਮੇਂ ਵੀ ਹੋਰ ਸਮਗਰੀ ਦੇ ਨਾਲ਼ ਤਿਲ ਅਗਨ ਭੇਂਟ ਕਰਨਾ ਚੰਗਾ ਸਮਝਿਆ ਜਾਂਦਾ ਸੀ। ਤਿਲਾਂ ਤੇ ਚੌਲ਼ਾਂ ਦੀ 'ਤਿਲਚੌਲ਼ੀ' ਅਜੇ ਵੀ ਕੀੜੀਆਂ ਨੂੰ ਪਾਉਣੀ ਮਹਾਂ-ਪੁੰਨ ਸਮਝੀ ਜਾਂਦੀ ਹੈ। ਕਹਿੰਦੇ ਨੇ ਕਿ ਇੱਕ ਰਾਜੇ ਦੀ ਸਹਿਜ਼ਾਦੀ ਨੇ ਵਿਆਹ ਕਰਾਉਣ ਤੋਂ ਇਨਕਾਰ ਕਰ ਦਿੱਤਾ। ਜਦੋਂ ਰਾਜੇ ਨੇ ਆਪਣੀ ਲੜਕੀ ਨੂੰ ਬਾਰ-ਬਾਰ ਕਿਹਾ ਤਾਂ ਉਸ ਸਹਿਜ਼ਾਦੀ ਨੇ ਇੱਕ ਸ਼ਰਤ ਰੱਖ ਦਿੱਤੀ ਕਿ ਜਿਹੜਾ ਸਹਿਜ਼ਾਦਾ ਖੇਤ ''ਚ ਖਿੰਡਾਏ ਸਵਾ ਮਣ ਤਿਲ ਇਕੱਠੇ ਕਰਨ ਦੀ ਸ਼ਰਤ ਜਿੱਤੇਗਾ, ਉਹ ਉਸ ਨਾਲ਼ ਹੀ ਵਿਆਹ ਕਰਵਾਵੇਗੀ। ਰਾਜੇ ਨੇ ਸਵੰਬਰ ਰਚਾਉਣ ਲਈ ਦੂਰ ਨੇੜੇ ਦੇ ਰਾਜਿਆਂ, ਮਹਾਰਾਜਿਆਂ ਤੇ ਸਹਿਜ਼ਾਦਿਆਂ ਨੂੰ ਸੱਦਾ ਦੇ ਦਿੱਤਾ।

ਉਸ ਸਵੰਬਰ ਵਿੱਚ ਬੀਰ ਬਿਕ੍ਰਮਜੀਤ ਨਾਂ ਦਾ ਇੱਕ ਰਾਜਾ ਵੀ ਸ਼ਰਤ ਜਿੱਤਣ ਲਈ ਆ ਸ਼ਾਮਿਲ ਹੋਇਆ। ਕੋਈ ਵੀ ਸ਼ਰਤ ਪੂਰੀ ਨਾ ਕਰ ਸਕਿਆ। ਆਖ਼ਿਰ ਬੀਰ ਬਿਕ੍ਰਮਜੀਤ ਦੇ ਪੈਰ 'ਤੇ ਇੱਕ ਕੀੜੀ ਚੜ੍ਹ ਗਈ। ਉਸ ਨੂੰ ਝੱਟ ਉਹ ਘਟਨਾ ਚੇਤੇ ਆ ਗਈ, ਜਦੋਂ ਉਸ ਨੇ ਦਰਿਆ 'ਚ ਇੱਕ ਕੀੜੀ ਨੂੰ ਰੁੜ੍ਹਨ ਤੋਂ ਇੱਕ ਪੱਤਾ ਸੁੱਟ ਕੇ ਬਚਾਇਆ ਸੀ ਤੇ ਕੀੜੀ ਨੇ ਇਸ ਉਪਕਾਰ ਲਈ ਰਾਜੇ ਨੂੰ ਕਦੇ ਮੁਸ਼ਕਿਲ ਸਮੇਂ ਯਾਦ ਕਰਨ ਲਈ ਅਰਜੋਈ ਕੀਤੀ ਸੀ। ਤੁਰੰਤ ਬੀਰ ਬਿਕ੍ਰਮਜੀਤ ਨੂੰ ਸਵੰਬਰ ਦੀ ਸ਼ਰਤ ਜਿੱਤਣ ਲਈ ਉਸ ਕੀੜੀ ਦੀ ਆਖੀ ਗੱਲ ਯਾਦ ਆ ਗਈ। ਉਹ ਕੀੜੀ ਆ ਹਾਜ਼ਰ ਹੋਈ ਤੇ ਉਸ ਨੇ ਅਣਗਿਣਤ ਕੀੜੀਆਂ ਦੀ ਸਹਾਇਤਾ ਨਾਲ਼ ਖੇਤ 'ਚੋਂ ਖਿੰਡੇ ਹੋਏ ਤਿਲ ਇਕੱਠੇ ਕਰ ਦਿੱਤੇ ਤੇ ਉਹ ਸਵੰਬਰ ਦੀ ਰਸਮ ਜਿੱਤ ਗਿਆ। ਉਦੋਂ ਇਹ ਬੁਝਾਰਤ ਬਣ ਗਈ:

ਦਲ ਵੀ ਹੈ, ਬਲ ਵੀ ਹੈ।
ਬੜਾ ਭਾਰੀ ਬਜ਼ਾਰ ਹੈ।
ਪਰ ਖੜ੍ਹਾਕ ਨਹੀਂ ਹੈ।

ਕਿਹਾ ਜਾਂਦਾ ਹੈ ਕਿ ਉਦੋਂ ਤੋਂ ਕੀੜੀਆਂ ਨੂੰ ਤਿਲਚੌਲੀ ਪਾਉਣ ਦਾ ਪੁੰਨ-ਦਾਨ ਆਰੰਭ ਹੋਇਆ ਹੈ, ਜੋ ਅਜੇ ਵੀ ਕਈ ਔਰਤਾਂ ਕਰਦੀਆਂ ਹਨ। ਤਿਲਾਂ ਦੀ ਚੋਰੀ ਕਰਨੀ ਅਜੇ ਵੀ ਬੜੀ ਭੈੜੀ ਸਮਝੀ ਜਾਂਦੀ ਹੈ ਤੇ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਤਿਲ ਚੋਰੀ ਕਰਨ ਵਾਲ਼ੇ ਦੇ ਅਗਲੇ ਜਨਮ ਵਿੱਚ ਸਰੀਰ ਉੱਤੇ ਕਾਲ਼ੇ ਤਿਲਾਂ ਦੇ ਨਿਸ਼ਾਨ ਬਣਨਗੇ।

ਹੁਣ ਭਾਵੇਂ ਤਿਲਾਂਜਲੀ (ਤਿਲ+ਜਲ) ਸ਼ਬਦ ਦੇ ਅਰਥ ਤਿਆਗ ਜਾਂ ਛੱਡ ਦੇਣ ਲਈ ਮੰਨੇ ਜਾਂਦੇ ਹਨ, ਪਰੰਤੂ ਇਸ ਸ਼ਬਦ ਦਾ ਮੂਲ-ਸੋਮਾ ਹਿੰਦੂਆਂ ਦੀ ਉਸ ਰੀਤ ਨਾਲ਼ ਹੈ, ਜਦੋਂ ਮੁਰਦਾ ਜਲਾਉਣ ਪਿੱਛੋਂ ਪਾਣੀ 'ਚ ਤਿਲ ਮਿਲਾਕੇ ਚੂਲੀ ਵਜੋਂ ਤਿਲਾਂਜਲੀ ਦਿੱਤੀ ਜਾਂਦੀ ਹੈ ਤੇ ਇੱਕ ਨਿਸ਼ਚਾ ਕੀਤਾ ਜਾਂਦਾ ਹੈ ਕਿ ਮੋਏ ਜੀਵ ਨੂੰ ਇਹ ਪਾਣੀ ਪ੍ਰਾਪਤ ਹੁੰਦਾ ਹੈ। ਪੁਰਾਣੇ ਸਮਿਆਂ ਤੇ ਤਿਲ ਤੋਂ ਤਿਲਕ ਲਾਉਣ ਦੀ ਸ਼ੁਭ ਰਸਮ ਚਾਲੂ ਹੋਈ, ਇਸਦਾ ਇਹ ਅਰਥ ਹੁੰਦਾ ਸੀ ਕਿ ਤਿਲਕ ਲਾਏ ਜਾ ਰਹੇ ਵਿਅਕਤੀ ਦੀ ਸ਼ੋਭਾ ਤੇ ਪ੍ਰਤਿਭਾ ਤਿਲ ਦੇ ਫੁੱਲਾਂ ਵਾਂਗ ਖਿੰਡਦੀ ਰਹੇ।

ਰੋਜ਼ਾਨਾ ਬੋਲ ਚਾਲ ਵਿੱਚ ਅਸੀਂ ਤਿਲ ਨਾਲ਼ ਸਬੰਧਤ ਕਿੰਨੇ ਮੁਹਾਵਰੇ ਆਮ ਵਰਤਦੇ ਰਹਿੰਦੇ ਹਾਂ, ਜਿਵੇਂ ਤਿਲ ਮਾਤਰ, ਤਿਲ ਧਰਨ ਨੂੰ ਥਾਂ ਨਹੀਂ, ਇਹਨਾਂ ਤਿਲਾਂ 'ਚ ਤੇਲ ਨਹੀਂ, ਤਿਲ ਭਰ ਜਿੰਨਾ ਤੇ ਤਿਲ ਵੀ ਵੰਡ ਲਈਦਾ ਹੈ ਆਦਿ। ਇੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ਼ ਸਬੰਧਤ ਇੱਕ ਸਾਖੀ ਦਾ ਵਰਨਣ ਕਰਨਾ ਜ਼ਰੂਰੀ ਹੈ। ਜਦੋਂ ਗੁਰੂ ਜੀ ਯਾਤਰਾ ਦੌਰਾਨ ਮਦਰਾਸ ਦੇ ਇਲਾਕੇ ਸਮੁੰਦਰ ਦੇ ਕਿਨਾਰੇ ਤਿਲਮੰਜੀ ਨਾਂ ਦੇ ਅਸਥਾਨ 'ਤੇ ਪੁੱਜੇ ਤਾਂ ਉੱਥੋਂ ਦੇ ਸਿੱਧਾਂ ਨੂੰ ਗੁਰੂ ਜੀ ਦੇ ਵੰਡ ਛੱਕਣ ਦੇ ਉਪਦੇਸ਼ ਨੂੰ ਪਰਖਣ ਲਈ ਗੁਰੂ ਜੀ ਨੂੰ ਇੱਕ ਤਿਲ ਭੇਟ ਕੀਤਾ ਤੇ ਇਸਨੂੰ ਵੰਡਣ ਦੀ ਪਰੀਖਿਆ ਲਿੱਤੀ। ਗੁਰੂ ਜੀ ਨੇ ਤਿਲ ਘੋਟਕੇ ਜਲ ਵਿੱਚ ਮਿਲਾ ਦਿੱਤਾ ਤੇ ਉਹ ਜਲ ਸਭ ਨੂੰ ਵੰਡ ਦਿੱਤਾ। ਸਿੱਧ ਗੁਰੂ ਜੀ ਦੀ ਵਿਦਵਿਤਾ ਅੱਗੇ ਸ਼ਰਮਿੰਦੇ ਹੋ ਗਏ। ਤਿਲਮੰਜੀ ਥਾਂ ਤੇ ਅਜੇ ਵੀ ਗੁਰੂ ਜੀ ਦੀ ਇਸ ਫੇਰੀ ਦੀ ਪਵਿੱਤਰ ਯਾਦ ਵਿੱਚ ਗੁਰਦੁਆਰਾ ਸਾਹਿਬ ਸ਼ਸੋਬਿਤ ਦੱਸਿਆ ਜਾਂਦਾ ਹੈ।

ਗੁਰਬਾਣੀ ਵਿੱਚ ਤਾਂ ਬਹੁਤ ਥਾਂ ਮਨੁੱਖ ਨੂੰ ਤਿਲ ਰਾਹੀਂ ਸੰਕੇਤ ਦੇ ਕੇ ਸਿੱਖਿਆ ਦੀਆਂ ਕਈ ਕਿਸਮ ਦੀ ਉਦਾਹਰਨਾਂ ਮਿਲਦੀਆਂ ਹਨ:

ਤੀਰਥ ਤਪ ਦਇਆ ਦਤੁ ਦਾਨੁ॥
ਜੇ ਕੋ ਪਾਵੈ ਤਿਲ ਕਾ ਮਾਨੁ॥ (ਜਪੁਜੀ)
ਫਰੀਦਾ ਜੇ ਜਾਣਾ ਤਿਲ ਥੋੜੜੇ,
ਸੰਮਲਿ ਬੁਕੁ ਭਰੀਂ॥
ਜੇ ਜਾਣਾ ਸਹੁ ਨਢੜਾ ਤਾਂ
ਥੋੜਾ ਮਾਣ ਕਰੀਂ। (ਸਲੋਕ ਫ਼ਰੀਦ ਜੀ)
ਸੰਤ ਦਾ ਦੋਖੀ ਛੁਟੇ ਇਕੇਲਾ॥
ਜਿਉਂ ਬੂਆੜੁ ਤਿਲ ਖੇਤ ਮਾਹਿ ਦੁਹੇਲਾ।

ਪੰਜਾਬ ਦਾ ਕਿਸਾਨ ਤਿਲ ਦੀ ਖੇਤੀ ਬੜੇ ਚਾਅ ਨਾਲ਼ ਕਰਦਾ ਹੈ। ਉਹ ਮੂੰਗਫਲੀ, ਮਾਂਹ ਤੇ ਮੋਠ ਆਦਿ ਦੀਆਂ ਫ਼ਸਲਾਂ ਬੀਜਣ ਸਮੇਂ ਤਿਲਾਂ ਦੇ ਸਿਆੜ ਬੀਜਕੇ ਆਪਣੇ ਖੇਤਾਂ 'ਚ ਸੁਹਜ ਤੇ ਸੰਦੁਰਤਾ ਦੇ ਨਾਲ਼-ਨਾਲ਼ ਤਿਲਾਂ ਦੀ ਕੀਮਤੀ ਉਪਜ ਵੀ ਪ੍ਰਾਪਤ ਕਰਦਾ ਹੈ। ਫ਼ਸਲਾਂ ਪੱਕਣ ਸਮੇਂ ਤਿਲਾਂ ਨੂੰ ਵੱਡ ਕੇ ਸੱਲਰੇ ਜਾਂ ਤਿਲਛੰਡੇ (ਤਿਲਾਂ ਦੇ ਪੂਲੇ) ਖਲਵਾੜੇ ਵਿੱਚ ਲਾ ਦਿੱਤੇ ਜਾਂਦੇ ਹਨ। ਕੁਝ ਦਿਨਾਂ ਬਾਅਦ ਸੁੱਕੇ ਤਿਲਛੰਡਿਆਂ ਨੂੰ ਝਾੜਿਆ ਜਾਂਦਾ ਹੈ। ਧਰਤੀ ਤੇ ਕੱਪੜਾ (ਖੇਸ, ਪੱਟੀ ਜਾਂ ਤਰਪਾਲ ਆਦਿ) ਵਿਛਾ ਲਿਆ ਜਾਂਦਾ ਹੈ। ਇੱਕ ਜਣਾ ਤਿਲ ਜੜ੍ਹਾਂ ਵਾਲ਼ੇ ਪਾਸੇ ਤੋਂ ਫੜ ਲੈਂਦਾ ਹੈ ਤੇ ਦੂਜਾ ਬੰਦਾ ਹੱਥ ਮਾਰ ਕੇ ਤਿਲ ਝਾੜਦਾ ਰਹਿੰਦਾ ਹੈ ਤੇ ਘੌਂਡਲੀਆਂ 'ਚੋਂ ਤਿਲ ਥੱਲੇ ਕਿਰਦੇ ਰਹਿੰਦੇ ਹਨ, ਤਿਲਾਂ ਦੀ ਥੱਲੇ ਢੇਰੀ ਲਗਦੀ ਰਹਿੰਦੀ ਹੈ। ਇੰਞ ਉਹੀ ਤਿਲਛੰਡੇ ਕੁਝ ਦਿਨਾਂ ਬਾਅਦ ਦੂਜੀ ਜਾਂ ਤੀਜੀ ਵਾਰ ਫੇਰ ਝਾੜੇ ਜਾਂਦੇ

ਹਨ ਤਾਂ ਜੋ ਘੋਂਡਲੀਆਂ ’ਚੋਂ ਸਾਰੇ ਤਿਲ ਸੁੱਕ ਕੇ ਚੰਗੀ ਤਰ੍ਹਾਂ ਕੱਢ ਲਏ ਜਾਣ। ਖ਼ਾਲੀ ਬਿਆੜਾਂ (ਤਿਲਾਨੀਆਂ) ਦੀ ਛਣਕ ਪੰਜਾਬਣ ਦੀਆਂ ਪੰਜੇਬਾਂ ਵਾਂਗ ਛਣ-ਛਣ ਕਰਦੀਆਂ ਰਹਿੰਦੀਆਂ। ਝਾੜੇ ਹੋਏ ਤਿਲਵੰਡੇ (ਸਲਰੇ) ਬਾਲਣ ਵਜੋਂ ਪੇਂਡੂ ਸੁਆਣੀ ਵਰਤਦੀ ਰਹਿੰਦੀ ਹੈ।

ਹੋਰ ਬੀਜਾਂ ਤੇ ਤੇਲਾਂ ਵਾਂਗ ਤਿਲਾਂ ਦਾ ਤੇਲ ਬਹੁਤ ਗੁਣਕਾਰੀ ਹੈ। ਬਹੁਤ ਸਾਰੀਆਂ ਦਵਾਈਆਂ ਵਿੱਚ ਇਸਦੀ ਵਰਤੋਂ ਕੀਤੀ ਜਾਂਦੀ ਹੈ। ਸਾਡੇ ਭੋਜਨ ਦੇ ਪਦਾਰਥਾਂ ਵਿੱਚ ਵੀ ਇਸਦਾ ਸੇਵਨ ਕੀਤਾ ਜਾਂਦਾ ਹੈ। ਲੋਹੜੀ ਦੇ ਤਿਓਹਾਰ ਸਮੇਂ ਪਿੰਡਾਂ ’ਚ ਤਿਲਾਂ ਤੋਂ ਤਲੋਏ (ਤਲੁੰਏ) ਬਣਾ ਕੇ ਖਾਏ ਜਾਂਦੇ ਹਨ। ਸ਼ਹਿਰਾਂ ’ਚ ਤਿਲਾਂ ਦੀਆਂ ਰਿਉੜੀਆਂ, ਭੁੱਗਾ, ਗੱਚਕ ਤੇ ਪਾਪੜੀਆਂ ਆਦਿ ਦੀ ਬੜੀ ਵਿਕਰੀ ਹੁੰਦੀ ਹੈ। ਰਾਤ ਨੂੰ ਲੋਹੜੀ ਬਾਲ਼ਕੇ ਤਿਲਾਂ ਨਾਲ਼ ਮੱਥਾ ਟੇਕਿਆ ਜਾਂਦਾ ਹੈ। ਤਿਲ ਜਲਾਉਣ ਦੀ ਰਸਮ ਨੂੰ ਚੰਗਾ ਸਮਝਿਆ ਜਾਂਦਾ ਹੈ। ਅੱਗ ’ਚ ਤਿਲਾਂ ਦੀ ਤਿੜਕ-ਤਿੜਕ ਹੁੰਦੀ ਰਹਿੰਦੀ ਹੈ ਤੇ ਇਹ ਗੀਤ ਗਾਇਆ ਜਾਂਦਾ ਹੈ:

ਉੱਦਮ ਆਏ ਦਲਿੱਦਰ ਜਾਏ,
ਦਲਿੱਦਰ ਦੀ ਜੜ੍ਹ ਚੁੱਲ੍ਹੇ ਪਾਏ।

ਆਮ ਲੋਕ-ਜੀਵਨ ’ਚ ਸਰੀਰ ਦੇ ਕਈ ਅੰਗਾਂ ਤੇ ਵੱਖ-ਵੱਖ ਥਾਈਂ ਕਾਲ਼ੇ ਨਿਸ਼ਾਨਾਂ ਨੂੰ ਤਿਲ ਕਿਹਾ ਜਾਂਦਾ ਹੈ, ਜਿਨ੍ਹਾ ਬਾਰੇ ਕਈ ਸ਼ੁੱਭ ਅਤੇ ਅਸ਼ੁੱਭ ਵਿਸ਼ਵਾਸ ਜੁੜੇ ਹੋਏ ਹਨ। ਸਾਡੇ ਲੋਕ-ਗੀਤਾਂ ਵਿੱਚ ਕਾਲ਼ਾ ਤਿਲ ਗੋਰੇ ਪਿੰਡੇ ਉੱਤੇ ਸੁੰਦਰਤਾ ਦੀ ਖਿੱਚ ਦਾ ਪ੍ਰਤੀਕ ਕਰਕੇ ਵਰਤਿਆ ਗਿਆ ਹੈ, ਜਿਵੇਂ:

ਕਾਲ਼ਾ ਤਿਲ ਨਾ ਲੁਕਾਇਆ ਲੁਕਦਾ,
ਮੁੰਡਿਆਂ ਦੀ ਨਜ਼ਰ ਬੁਰੀ।

ਹੱਥ ਸੁਹਣੀ ਤੇ ਤਿਲ ਮਾਹੀਆ
ਲੋਕਾਂ ਦੀਆਂ ਰੋਣ ਅੱਖੀਆਂ,
ਸਾਡਾ ਰੋਂਦਾ ਏ ਦਿਲ ਮਾਹੀਆ।

ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਨਿੱਕੇ ਜਿਹੇ ਤਿਲ ਦੀ ਆਦਿ-ਕਾਲ ਤੋਂ ਜੁੜੀ ਹੋਈ ਮਨੁੱਖੀ-ਸਾਂਝ ਅੱਜ ਵੀ ਡੂੰਘੇਰੀ ਤਰ੍ਹਾਂ ਨਾਲ਼ ਓਤ-ਪੋਤ ਹੈ।









ਜਸਵਿੰਦਰ ਸਿੰਘ ਰੁਪਾਲ



# ਹੋਰ ਸੁਹਣੀ ਜ਼ਿੰਦਗੀ

ਨੇਕ ਨੀਤੀ ਤਾਈਂ ਦਿਲ 'ਚ ਵਸਾਵਣਾ,
ਬਦੀਆਂ ਦੇ ਰਾਹ ਭੁੱਲ ਕੇ ਨਾ ਜਾਵਣਾ,
ਮਹਿਕ ਪ੍ਰੇਮ ਦੀ ਫ਼ੈਲਾਈਏ ਦੋਸਤੋ।
ਹੋਰ ਸੁਹਣੀ ਜ਼ਿੰਦਗੀ ਬਣਾਈਏ ਦੋਸਤੋ।

ਚੰਗੀਆਂ ਕਿਤਾਬਾਂ ਮਿੱਤਰ ਬਣਾ ਲਈਏ,
ਪੜ੍ਹੀਏ ਜੋ ਚੰਗਾ ਉਸ ਨੂੰ ਕਮਾ ਲਈਏ,
ਨ੍ਹੇਰੇ ਜੋ ਅੰਦਰ ਉਹ ਭਜਾਈਏ ਦੋਸਤੋ।
ਹੋਰ ਸੁਹਣੀ ਜ਼ਿੰਦਗੀ ਬਣਾਈਏ ਦੋਸਤੋ।

ਮਾਪੇ ਅਤੇ ਗੁਰੂ ਜ਼ਿੰਦਗੀ ਸੰਵਾਰਦੇ,
ਹੱਕਦਾਰ ਪੂਰੇ ਸਾਡੇ ਸਤਿਕਾਰ ਦੇ,
ਕਰਜ਼ਾ ਇਹਨਾਂ ਦਾ ਜੋ ਚੁਕਾਈਏ ਦੋਸਤੋ।
ਹੋਰ ਸੁਹਣੀ ਜ਼ਿੰਦਗੀ ਬਣਾਈਏ ਦੋਸਤੋ।

ਚੰਗੀ ਸੋਚ ਰੱਖ ਮਿੱਠੇ ਬੋਲ ਬੋਲੀਏ,
ਬੋਲਣ ਤੋਂ ਪਹਿਲਾਂ ਕਈ ਵਾਰ ਤੋਲੀਏ,
ਪੀਡੀ ਗੰਢ ਬੋਲਾਂ ਨਾਲ਼ ਪਾਈਏ ਦੋਸਤੋ।
ਹੋਰ ਸੁਹਣੀ ਜ਼ਿੰਦਗੀ ਬਣਾਈਏ ਦੋਸਤੋ।

ਈਰਖ਼ਾ ਤੇ ਸਾੜੇ ਤਾਈਂ ਦੂਰ ਰੱਖੀਏ,
ਹੋ ਨਾ ਜਾਣ ਭਾਰੇ ਸਦਾ ਘੁਰ ਰੱਖੀਏ,
ਚਿੰਤਨ ਦੀ ਚਾਬਕ ਲਗਾਈਏ ਦੋਸਤੋ।
ਹੋਰ ਸੁਹਣੀ ਜ਼ਿੰਦਗੀ ਬਣਾਈਏ ਦੋਸਤੋ।

ਸੱਚੀ-ਸੁੱਚੀ ਉੱਚੀ ਕਿਰਤ ਕਮਾਵਣੀ,
ਔਖੇ ਨਾ ਕੋਈ ਵੀ ਮੰਜ਼ਿਲ ਪਾਵਣੀ,
ਦੂਜਿਆਂ ਦੇ ਕੰਮ ਵੀ ਤਾਂ ਆਈਏ ਦੋਸਤੋ।
ਹੋਰ ਸੁਹਣੀ ਜ਼ਿੰਦਗੀ ਬਣਾਈਏ ਦੋਸਤੋ।

ਗੁਣਾਂ ਵਾਲ਼ੀ ਸਾਂਝ ਹੋਵੇ ਜੱਗ ਨਾਲ਼ ਜੀ,
ਦੈਵੀ ਗੁਣ ਖਿਮਾ ਰੱਖਣਾ ਸੰਭਾਲ਼ ਜੀ,
ਗੁੱਸੇ ਰੋਸੇ ਦਿਲਾਂ 'ਚੋਂ ਭੁਲਾਈਏ ਦੋਸਤੋ।
ਹੋਰ ਸੁਹਣੀ ਜ਼ਿੰਦਗੀ ਬਣਾਈਏ ਦੋਸਤੋ।

ਛੱਡ ਵਖਰੇਵੇਂ ਪ੍ਰੇਮ ਤਾਈਂ ਮਾਨਣਾ,
'ਰੁਪਾਲ' ਇੱਕੋ ਜੋਤ ਸਭ 'ਚ ਪਛਾਨਣਾ,
ਸਾਂਝੇ ਦੁੱਖ-ਸੁੱਖ ਵੀ ਵੰਡਾਈਏ ਦੋਸਤੋ।
ਹੋਰ ਸੁਹਣੀ ਜ਼ਿੰਦਗੀ ਬਣਾਈਏ ਦੋਸਤੋ।

ਪ੍ਰਿੰ.ਵਿਜੈ ਕੁਮਾਰ
98726-27136



# ਪੰਛੀਆਂ ਤੋਂ ਸਿੱਖਣ ਵਾਲੀਆਂ ਗੱਲਾਂ

ਜੋ ਲੋਕ ਆਪਣੇ ਮਨ ਵਿੱਚ ਇਹ ਵਹਿਮ ਪਾਲ ਰੱਖਦੇ ਹਨ ਕਿ ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿੱਚ ਬਹੁਤ ਕੁਝ ਸਿੱਖ ਲਿਆ ਹੈ, ਹੁਣ ਉਨ੍ਹਾਂ ਨੂੰ ਕੁਝ ਵੀ ਸਿੱਖਣ ਦੀ ਲੋੜ ਨਹੀਂ, ਦੁਨੀਆ ਵਿੱਚ ਉਨ੍ਹਾਂ ਨਾਲੋਂ ਵੱਧਕੇ ਕੋਈ ਸਿਆਣਾ ਨਹੀਂ ਤਾਂ ਉਹ ਲੋਕ ਬਹੁਤ ਵੱਡੇ ਭੁਲੇਖੇ ਵਿੱਚ ਹੁੰਦੇ ਹਨ। ਜੇਕਰ ਇਹ ਕਹਿ ਲਿਆ ਜਾਵੇ ਕਿ ਉਨ੍ਹਾਂ ਦੀ ਇਹ ਸੋਚ ਘਮੰਡੀ ਅਤੇ ਮੂਰਖ਼ ਹੋਣ ਦੀ ਪ੍ਰਤੀਕ ਹੈ ਤਾਂ ਕੋਈ ਅੱਤ-ਕਥਨੀ ਨਹੀਂ ਹੋਵੇਗੀ। ਸਿੱਖਣ ਦੀ ਪ੍ਰਕਿਰਿਆ ਕਦੇ ਖ਼ਤਮ ਨਹੀਂ ਹੁੰਦੀ ਤੇ ਨਾ ਹੀ ਸਿੱਖਣ ਦੀ ਕੋਈ ਉਮਰ ਹੀ ਹੁੰਦੀ ਹੈ। ਬਚਪਨ ਤੋਂ ਲੈ ਕੇ ਜ਼ਿੰਦਗੀ ਦੇ ਆਖ਼ਿਰੀ ਸਾਹਾਂ ਤੱਕ ਮਨੁੱਖ ਕੁਝ ਨਾ ਕੁਝ ਸਿੱਖਦਾ ਹੀ ਰਹਿੰਦਾ ਹੈ, ਪਰ ਜੇਕਰ ਉਸਦੇ ਮਨ ਵਿੱਚ ਕੁਝ ਨਵਾਂ ਸਿੱਖਣ ਦੀ ਲਲਕ ਹੋਵੇ ਤੇ ਜਜ਼ਬਾ ਵੀ। ਮਨੁੱਖ ਪਸ਼ੂ ਪੰਛੀਆਂ, ਰੁੱਖਾਂ ਤੇ ਪੂਰੀ ਕਾਇਨਾਤ ਤੋਂ ਸਿੱਖ ਸਕਦਾ ਹੈ। ਮਹਾਨ ਵਿਦਵਾਨ ਰੂਸੋ ਤਾਂ ਇਹ ਵੀ ਕਹਿੰਦਾ ਹੈ ਕਿ ਮੈਂ ਤਾਂ ਆਪਣੀ ਜ਼ਿੰਦਗੀ ਵਿੱਚ ਕਈ ਵਾਰ ਮੂਰਖ਼ਾਂ ਤੋਂ ਵੀ ਬਹੁਤ ਕੁਝ ਸਿੱਖਿਆ ਹੈ। ਮਹਾਨ ਚਿੰਤਕ ਗੁਲਜ਼ਾਰ ਨੇ ਆਪਣੀ ਇੱਕ ਛੋਟੀ ਜਿਹੀ ਰਚਨਾ ਰਾਹੀਂ ਮਨੁੱਖ ਨੂੰ ਪੰਛੀਆਂ ਤੋਂ ਸਿੱਖਣ ਦਾ ਸੁਨੇਹਾ ਦਿੱਤਾ ਹੈ। ਉਹ ਆਪਣੀ ਉਸ ਰਚਨਾ ਵਿੱਚ ਮਨੁੱਖ ਨੂੰ ਸੁਨੇਹਾ ਦਿੰਦਾ ਹੋਇਆ ਲਿਖਦਾ ਹੈ ਕਿ ਪੰਛੀ ਰਾਤ ਨੂੰ ਕੁਝ ਨਹੀਂ ਖਾਂਦੇ, ਪਰ ਮਨੁੱਖ ਦਾ ਖਾਣ ਦਾ ਕੋਈ ਸਮਾਂ ਹੀ ਨਹੀਂ, ਉਹ ਦਿਨ ਰਾਤ ਖਾਂਦਾ ਰਹਿੰਦਾ ਹੈ। ਪੰਛੀ ਰਾਤ ਨੂੰ ਨਹੀਂ ਘੁੰਮਦੇ, ਪਰ ਮਨੁੱਖ ਦਿਨ ਰਾਤ ਘੁੰਮਦਾ ਰਹਿੰਦਾ ਹੈ। ਪੰਛੀ ਆਪਣੇ ਬੱਚਿਆਂ ਨੂੰ ਸਮੇਂ ਸਿਰ ਸਿਖਾਉਂਦੇ ਹਨ, ਪਰ ਮਨੁੱਖ ਆਪਣੇ ਬੱਚਿਆਂ ਨੂੰ ਲਾਡ ਲੜਾਉਣ ਦੇ ਚੱਕਰ ਵਿੱਚ ਇਹ ਭੁੱਲ ਹੀ ਜਾਂਦਾ ਹੈ ਕਿ ਉਨ੍ਹਾਂ ਨੂੰ ਸਮੇਂ ਸਿਰ ਸਿਖਾਉਣਾ ਵੀ ਹੈ।

ਉਸਨੂੰ ਆਪਣੀ ਇਸ ਗ਼ਲਤੀ ਦਾ ਅਹਿਸਾਸ ਉਦੋਂ ਹੁੰਦਾ ਹੈ ਜਦੋਂ ਉਸਦੇ ਬੱਚਿਆਂ ਨੂੰ ਚੰਗੀਆਂ ਗੱਲਾਂ ਸਿੱਖਣ ਦੀ ਆਦਤ ਨਹੀਂ ਪੈਂਦੀ ਜਾਂ ਫੇਰ ਸਿਆਣੇ ਅਤੇ ਸੂਝਵਾਨ ਬਣਨ ਦੀ ਥਾਂ ਉਹ ਬਿਗੜ ਜਾਂਦੇ ਹਨ। ਪੇਟ ਭਰੇ ਹੋਣ ਦੀ ਸੂਰਤ ਵਿੱਚ ਪੰਛੀ ਤੁੰਨ-ਤੁੰਨ ਕੇ ਨਹੀਂ ਖਾਂਦੇ। ਤੁਸੀਂ ਉਨ੍ਹਾਂ ਲਈ ਜਿੰਨਾ ਮਰਜ਼ੀ ਦਾਣਾ ਖ਼ਿਲਾਰ ਦਿਓ, ਉਹ ਪੇਟ ਭਰਨ ਤੋਂ ਬਾਅਦ ਦਾਣਾ ਛੱਡ ਜਾਂਦੇ ਹਨ, ਪਰ ਮਨੁੱਖ ਰੱਜਿਆ ਹੋਣ ਦੇ ਬਾਵਜੂਦ ਵੀ ਖਾਣ ਤੋਂ ਨਹੀਂ ਹਟਦਾ ਭਾਵੇਂ ਉਸਨੂੰ ਬਿਮਾਰ ਹੋਣਾ ਵੀ ਪੈ ਜਾਵੇ।

ਪੰਛੀ ਨਾਲ ਵੀ ਕੁਝ ਨਹੀਂ ਲਿਜਾਂਦੇ, ਪਰ ਮਨੁੱਖ ਕੋਲ ਭਾਵੇਂ ਜਿੰਨਾ ਮਰਜੀ ਹੋਵੇ, ਪਰ ਉਹ ਫੇਰ ਵੀ ਜੋੜਨ ਤੋਂ ਨਹੀਂ ਹਟਦਾ, ਕਿਉਂਕਿ ਉਸ ਪੱਲੇ ਸਬਰ ਦੀ ਘਾਟ ਹੁੰਦੀ ਹੈ। ਪੰਛੀ ਰਾਤ ਹੁੰਦਿਆਂ ਹੀ ਸੋ ਜਾਂਦੇ ਹਨ ਤੇ ਸਵੇਰੇ-ਸੁਵੱਖ਼ਤੇ ਉੱਠਦੇ ਹਨ, ਪਰ ਮਨੁੱਖ ਦਾ ਸੌਣ

ਪੈਣ ਦਾ ਨਾ ਕੋਈ ਸਮਾਂ ਹੁੰਦਾ ਹੈ ਤੇ ਨਾ ਹੀ ਕੋਈ ਨਿਯਮ। ਪੰਛੀ ਗਾਉਂਦੇ ਚਿਹਕਦੇ ਉੱਠਦੇ ਹਨ, ਪਰ ਮਨੁੱਖ ਉਨ੍ਹਾਂ ਨੂੰ ਗਾਉਂਦਿਆਂ ਚਿਹਕਦਿਆਂ ਵੇਖਕੇ ਖ਼ੁਸ਼ ਤਾਂ ਹੁੰਦਾ ਹੈ, ਪਰ ਉਨ੍ਹਾਂ ਦਾ ਇਹ ਗੁਣ ਸਿੱਖਦਾ ਨਹੀਂ। ਪੰਛੀ ਆਪਣੇ ਸਰੀਰ ਤੋਂ ਰੱਜਕੇ ਕੰਮ ਲੈਂਦੇ ਹਨ, ਪਰ ਧਰਤੀ ਉੱਤੇ ਉਨ੍ਹਾਂ ਨਿਕੰਮੇ ਅਤੇ ਆਲਸੀ ਲੋਕਾਂ ਦੀ ਕੋਈ ਕਮੀਂ ਨਹੀਂ, ਜੋ ਵਿਹਲੇ ਰਹਿਕੇ ਜ਼ਿਆਦਾ ਖ਼ੁਸ਼ ਹੁੰਦੇ ਹਨ। ਪੰਛੀ ਕੇਵਲ ਰਾਤ ਨੂੰ ਹੀ ਆਰਾਮ ਕਰਦੇ ਹਨ, ਪਰ ਬਿਹਲੜ ਅਤੇ ਕੰਮ ਚੋਰ ਲੋਕ ਕੰਮ ਕਰਨ ਦੀ ਬਜਾਏ ਆਰਾਮ ਕਰਨਾ ਜ਼ਿਆਦਾ ਪਸੰਦ ਕਰਦੇ ਹਨ। ਉਨ੍ਹਾਂ ਦਾ ਆਰਾਮ ਕਰਨ ਦਾ ਕੋਈ ਸਮਾਂ ਨਹੀਂ ਹੁੰਦਾ। ਉਹ ਆਰਾਮ ਕਰਨ ਦਾ ਬਹਾਨਾ ਲੱਭਦੇ ਰਹਿੰਦੇ ਹਨ। ਜੇਕਰ ਮਨੁੱਖ ਪੰਛੀਆਂ ਦੀ ਤਰ੍ਹਾਂ ਮਿਹਨਤ ਕਰਨਾ ਸਿੱਖ ਜਾਵੇ ਤਾਂ ਉਹ ਕਿਡਨੀ, ਦਿਲ, ਬਲੱਡ ਪਰੈਸ਼ਰ ਅਤੇ ਸ਼ੂਗਰ ਦੇ ਰੋਗਾਂ ਤੋਂ ਬਚ ਸਕਦਾ ਹੈ। ਪੰਛੀ ਆਪਣਾ ਖਾਣਾ ਨਹੀਂ ਬਦਲਦੇ, ਪਰ ਮਨੁੱਖ ਸੁਆਦਾਂ ਨੂੰ ਪੂਰਾ ਕਰਨ ਲਈ ਤਰ੍ਹਾਂ-ਤਰ੍ਹਾਂ ਦੇ ਖਾਣੇ ਖਾਣਾ ਪਸੰਦ ਕਰਦਾ ਹੈ। ਪੰਛੀ ਬਿਮਾਰ ਹੋਣ ਦੀ ਹਾਲਤ ਵਿੱਚ ਖਾਣਾ ਖਾਣਾ ਛੱਡ ਦਿੰਦੇ ਹਨ ਤੇ ਨਿਰੋਗ ਹੋਣ ਤੇ ਹੀ ਖਾਣਾ ਸ਼ੁਰੂ ਕਰਦੇ ਹਨ, ਪਰ ਮਨੁੱਖ ਇਸ ਗੱਲ ਨੂੰ ਜਾਣਦਾ ਹੋਇਆ ਵੀ ਕਿ ਬਿਮਾਰ ਹੋਣ ਦੀ ਸੂਰਤ ਵਿੱਚ ਖਾਣਾ ਬਿਮਾਰੀ ਨੂੰ ਹੋਰ ਵਧਾ ਸਕਦਾ ਹੈ, ਖਾਣਾ ਨਹੀਂ ਛੱਡਦਾ। ਪੰਛੀ ਆਪਣੇ ਬੱਚਿਆਂ ਨੂੰ ਪੂਰਾ ਪਿਆਰ ਦਿੰਦੇ ਹਨ, ਪਰ ਸਾਡੇ ਦੇਸ ਵਿੱਚ ਉਨ੍ਹਾਂ ਲੋਕਾਂ ਦੀ ਘਾਟ ਨਹੀਂ ਜੋ ਇਹ ਵੀ ਨਹੀਂ ਜਾਣਦੇ ਕਿ ਬੱਚਿਆਂ ਦੇ ਵਿਕਾਸ ਲਈ ਉਨ੍ਹਾਂ ਨੂੰ ਪਿਆਰ ਕਰਨਾ ਵੀ ਜ਼ਰੂਰੀ ਹੁੰਦਾ ਹੈ।

ਪੰਛੀ ਪ੍ਰਕਿਰਤੀ ਤੋਂ ਆਪਣੀ ਲੋੜ ਅਨੁਸਾਰ ਹੀ ਪ੍ਰਾਪਤ ਕਰਦੇ ਹਨ, ਪਰ ਮਨੁੱਖ ਨੇ ਕੁਦਰਤੀ ਸਰੋਤਾਂ ਪਾਣੀ, ਹਵਾ, ਰੁੱਖਾਂ, ਜੰਗਲਾਂ ਪਹਾੜਾਂ ਅਤੇ ਧਾਤਾਂ ਦੀ ਲੋੜ ਤੋਂ ਵੱਧ ਅਤੇ ਗ਼ਲਤ ਵਰਤੋਂ ਕਰਕੇ ਆਪਣੇ ਤੇ ਪ੍ਰਕਿਰਤੀ ਲਈ ਬਹੁਤ ਸਾਰੀਆਂ ਸਮੱਸਿਆਵਾਂ ਖੜ੍ਹੀਆਂ ਕਰ ਦਿੱਤੀਆਂ ਹਨ। ਸਿਆਣੇ ਮਨੁੱਖ ਉਹ ਹੀ ਹੁੰਦੇ ਹਨ ਜੋ ਜ਼ਿੰਦਗੀ ਦੀ ਮਰਿਆਦਾ ਅਤੇ ਹੱਦਾਂ ਨੂੰ ਨਹੀਂ ਭੁੱਲਦੇ। ਮਰਿਆਦਾ, ਸਬਰ ਅਤੇ ਹੱਦ ਵਿੱਚ ਉਹ ਲੋਕ ਹੀ ਰਹਿ ਸਕਦੇ ਹਨ ਜੋ ਆਪਣੇ ਆਪ ਨੂੰ ਸਵਾਰਥ ਅਤੇ ਲਾਲਚ ਦੇ ਵਸ ਨਹੀਂ ਹੋਣ ਦਿੰਦੇ।

ਕਵਿਤਾ

ਡਾ.ਗੁਰਨਾਇਬ ਸਿੰਘ, 98880-71992



# ਬੱਦਲਾਂ ਦਾ ਮੁਆਫ਼ੀਨਾਮਾ

ਅਸੀਂ ਕਵੇਲ਼ੇ ਆਏ
ਅਸੀਂ ਤਾਂ ਵੇਲ਼ੇ ਸਿਰ ਹੀ ਆਉਣਾ ਸੀ।
ਫ਼ਸਲਾਂ ਦੀਆਂ ਲਾਸ਼ਾਂ ਨੂੰ ਉਟੰਣ ਵਾਸਤੇ
ਤੁਹਾਡੇ ਵੱਲੋਂ ਬਾਲ਼ੀਆਂ ਅੱਗਾਂ
ਮੋਟਰਾਂ ਦੇ ਧੂੰਏਂ
ਕਾਰਖ਼ਾਨਿਆਂ ਦੀਆਂ ਆਪਹੁਦਰੀਆਂ!
ਸਾਨੂੰ ਲੱਗਿਆ ਕੋਈ ਐਮਰਜੈਂਸੀ ਹੋ ਗਈ ਹੈ।

ਅਸੀਂ ਨੰਗੇ ਪੈਰੀਂ ਦੌੜੇ
ਕੜਕਦੇ ਗਰਜਦੇ ਲਿਸ਼ਕਦੇ ਨੱਠੇ ਆਏ
ਅਤੇ ਤੁਹਾਡੀਆਂ ਦੋਧੀਆਂ ਕਣਕਾਂ ਉੱਤੇ ਬਰਸ ਪਏ।
ਇਹ ਤਾਂ ਬਾਅਦ ਵਿੱਚ ਵੇਖਿਆ ਸੋਚਿਆ
ਕਿ ਕੁਝ ਗ਼ਲਤ ਹੋ ਗਿਆ ਹੈ
ਜਦੋਂ ਤੁਸੀਂ ਰੱਬ ਨੂੰ ਉਲਾਂਭੇ ਭੇਜੇ
ਖ਼ਚਰੇ ਰਾਜਨੇਤਾਵਾਂ ਤੇ ਸਰਕਾਰਾਂ ਅੱਗੇ
ਮੁਆਵਜ਼ੇ ਲਈ ਗਿੜਗਿੜਾਏ ਹਾੜੇ ਕੱਢੇ!

ਅਸੀਂ ਭੁਲੇਖਾ ਖਾ ਗਏ
ਤੁਹਾਡੀਆਂ ਤੇ
ਤੁਹਾਡੀਆਂ ਸਰਕਾਰਾਂ ਦੀਆਂ ਬੇਸਮਝੀਆਂ ਕਾਰਨ!
ਮੁਆਫ਼ ਕਰਨਾ
ਅਸੀਂ ਕਵੇਲ਼ੇ ਆਏ।
ਅੱਗੋਂ ਆਪਣੇ ਲੱਛਣ ਠੀਕ ਰੱਖਣਾ
ਭੁਲੇਖੇ ਨਾਲ਼ ਹੋ ਜਾਣ ਵਾਲ਼ੀ
ਬੇਅਦਬੀ ਤੋਂ ਬਚਣ ਲਈ।
ਅਸੀਂ ਤਾਂ ਵੇਲ਼ੇ ਸਿਰ ਹੀ ਆਉਣਾ ਹੁੰਦਾ ਹੈ।



ਸੰਦੀਪ ਦਿਉੜਾ
84375-56667

# ਬੇਹਤਰ ਜ਼ਿੰਦਗੀ ਜਿਉਣ ਲਈ ਕੁਝ ਨੁਕਤੇ...!

ਅੱਜ-ਕੱਲ੍ਹ ਦੀ ਤੇਜ਼ ਰਫ਼ਤਾਰ ਜ਼ਿੰਦਗੀ ਵਿੱਚ ਹਰ ਇੱਕ ਇਨਸਾਨ ਪ੍ਰੇਸ਼ਾਨ ਹੀ ਨਜ਼ਰ ਆ ਰਿਹਾ ਹੈ। ਜਿਸਦੇ ਕੋਲ਼ ਕੁਝ ਹੈ ਨਹੀਂ ਉਸਨੇ ਤਾਂ ਪ੍ਰੇਸ਼ਾਨ ਹੋਣਾ ਹੀ ਹੈ, ਪਰ ਹੈਰਾਨੀ ਦੀ ਗੱਲ ਇਹ ਹੈ ਕਿ ਜਿਸਦੇ ਕੋਲ਼ ਸਭ ਕੁਝ ਹੈ। ਉਹ ਵੀ ਪ੍ਰੇਸ਼ਾਨ ਹੀ ਨਜ਼ਰ ਆ ਰਿਹਾ ਹੈ।

ਜੇਕਰ ਤੁਸੀਂ ਵੀ ਵਧੀਆ ਅਤੇ ਖ਼ੁਸ਼ਗਵਾਰ ਜ਼ਿੰਦਗੀ ਜਿਉਣਾ ਚਾਹੁੰਦੇ ਹੋ ਤਾਂ ਮੇਰੇ ਵੱਲੋਂ ਦਰਸਾਏ ਕੁਝ ਨੁਕਤਿਆਂ ਨੂੰ ਇੱਕ ਵਾਰ ਆਪਣੀ ਜ਼ਿੰਦਗੀ ਵਿੱਚ ਜ਼ਰੂਰ ਲਾਗੂ ਕਰਕੇ ਦੇਖੋ। ਸ਼ਾਇਦ ਤੁਹਾਡੀ ਵੀ ਜ਼ਿੰਦਗੀ ਬਦਲ ਜਾਵੇ।

ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਸਾਨੂੰ ਵਰਤਮਾਨ ਸਮੇਂ ਵਿੱਚ ਹੀ ਜਿਉਣਾ ਚਾਹੀਦਾ ਹੈ, ਕਿਉਂਕਿ ਇਹ ਉਹ ਸਮਾਂ ਹੁੰਦਾ ਹੈ ਜੋ ਸਾਡਾ ਆਪਣਾ ਹੁੰਦਾ ਹੈ, ਪਰ ਅਸੀਂ ਤਾਂ ਬੀਤੇ ਕੱਲ੍ਹ ਜਾਂ ਆਉਣ ਵਾਲ਼ੇ ਕੱਲ੍ਹ ਦੇ ਬਾਰੇ ਵਿੱਚ ਸੋਚ-ਸੋਚ ਕੇ ਬੇਕਾਰ ਵਿੱਚ ਹੀ ਪ੍ਰੇਸ਼ਾਨ ਹੋਈ ਜਾਂਦੇ ਰਹਿੰਦੇ ਹਾਂ। ਬੀਤਿਆ ਕੱਲ੍ਹ ਜੋ ਭੂਤਕਾਲ ਹੈ ਅਤੇ ਜੋ ਬੀਤ ਗਿਆ ਹੁੰਦਾ ਹੈ। ਬੀਤੇ ਹੋਏ ਸਮੇਂ ਦੇ ਬਾਰੇ ਵਿੱਚ ਸੋਚ-ਸੋਚ ਕੇ ਪ੍ਰੇਸ਼ਾਨ ਹੋਣ ਤੋਂ ਇਲਾਵਾ ਅਸੀਂ ਕੁਝ ਵੀ ਨਹੀਂ ਕਰ ਸਕਦੇ ਹੁੰਦੇ। ਉਦਾਹਰਨ ਦੇ ਤੌਰ 'ਤੇ ਜਿਵੇਂ ਮੈਂ ਬਹੁਤ ਅਮੀਰ ਸੀ ਜਾਂ ਮੇਰੇ ਦਾਦੇ-ਪੜਦਾਦੇ ਬਹੁਤ ਅਮੀਰ ਸਨ, ਪਰ ਹੁਣ ਨਹੀਂ ਹਾਂ। ਸਾਡਾ ਨਾਂ ਚੱਲਦਾ ਹੁੰਦਾ ਸੀ ਆਦਿ ਇਹੋ ਜਿਹੀਆਂ ਗੱਲਾਂ ਦੇ ਬਾਰੇ ਸੋਚ-ਸੋਚ ਅਸੀਂ ਐਵੇਂ ਹੀ ਪ੍ਰੇਸ਼ਾਨ ਰਹਿੰਦੇ ਹਾਂ। ਇਹਨਾਂ ਦੇ ਬਾਰੇ ਵਿੱਚ ਅਸੀਂ ਕੁਝ ਵੀ ਨਹੀਂ ਕਰ ਸਕਦੇ ਹੁੰਦੇ। ਦੂਜਾ ਅਸੀਂ ਆਉਣ ਵਾਲ਼ੇ ਕੱਲ੍ਹ ਦੇ ਬਾਰੇ ਵਿੱਚ ਸੋਚੀ ਜਾਂਦੇ ਹਾਂ ਜੇ ਇਹ ਹੋ ਗਿਆ ਤਾਂ ਕੀ ਕਰਾਂਗੇ, ਜੇ ਉਹ ਹੋ ਗਿਆ ਤਾਂ ਅਸੀਂ ਕੀ ਕਰਾਂਗਾ। ਇਹ ਸੋਚ ਬਿਲਕੁਲ ਹੀ ਬੇ-ਮਤਲਬ ਦੀ ਹੁੰਦੀ ਹੈ ਜੋ ਸਾਨੂੰ ਪ੍ਰੇਸ਼ਾਨ ਕਰੀਂ ਜਾ ਰਹੀ ਹੁੰਦੀ ਹੈ। ਜਦੋਂ ਕੇ ਹੁੰਦਾ ਬਿਲਕੁਲ ਹੀ ਸਾਡੀ ਸੋਚ ਦੇ ਉਲਟ ਹੈ। ਇਸ ਲਈ ਆਉਣ ਵਾਲ਼ੇ ਕੱਲ੍ਹ ਦੀ ਚਿੰਤਾ ਨੂੰ ਛੱਡ ਕੇ ਤੇ ਬੀਤੇ ਕੱਲ੍ਹ ਦੇ ਦੁੱਖ ਵਿੱਚੋਂ ਬਾਹਰ ਨਿਕਲ ਕੇ ਸਾਨੂੰ ਵਰਤਮਾਨ ਜ਼ਿੰਦਗੀ ਵਿੱਚ ਹੀ ਜਿਉਣਾ ਚਾਹੀਦਾ ਹੈ। ਕੱਲ੍ਹ ਅਸੀਂ ਹੈ ਵੀ ਜਾਂ ਨਹੀਂ ਇਸਦੇ ਬਾਰੇ ਵਿੱਚ ਕਿਸੇ ਨੂੰ ਵੀ ਕੁਝ ਵੀ ਨਹੀਂ ਪਤਾ ਹੁੰਦਾ। ਤੁਸੀਂ ਆਪਣੀ ਅੱਜ ਦੀ ਜ਼ਿੰਦਗੀ ਵਿੱਚ ਖੁੱਲ ਕੇ ਜੀਉ।

ਦੂਜਾ, ਅਸੀਂ ਆਪਣੀਆਂ ਖ਼ੁਸ਼ੀਆਂ ਨੂੰ ਸਾਰੀ ਹੀ ਉਮਰ ਦੂਸਰਿਆਂ ਵਿੱਚੋਂ ਲੱਭਦੇ ਰਹਿੰਦੇ ਹਾਂ। ਜੋ

ਬਿਲਕੁਲ ਹੀ ਗ਼ਲਤ ਹੁੰਦਾ ਹੈ। ਜੇ ਤੁਹਾਨੂੰ ਕੋਈ ਖ਼ੁਸ਼ ਕਰ ਸਕਦਾ ਹੈ ਤਾਂ ਉਹ ਤੁਸੀਂ ਆਪ ਹੀ ਹੋ। ਇਸ ਲਈ ਆਪਣੀਆਂ ਖ਼ੁਸ਼ੀਆਂ ਨੂੰ ਆਪਣੇ ਹੀ ਅੰਦਰੋਂ ਲੱਭੋ। ਉਹ ਹੀ ਤੁਹਾਡੀਆਂ ਅਸਲੀ ਖ਼ੁਸ਼ੀਆਂ ਹੁੰਦੀਆਂ ਹਨ, ਜੋ ਤੁਹਾਨੂੰ ਅੰਦਰੋਂ ਖ਼ੁਸ਼ ਰੱਖਦੀਆਂ ਹਨ। ਲੋਕਾਂ ਨਾਲ਼ ਤਾਂ ਅਸੀਂ ਦਿਖਾਵੇ ਦੇ ਹੀ ਬਾਹਰੋਂ-ਬਾਹਰੋਂ ਖ਼ੁਸ਼ ਹੋ ਸਕਦੇ ਹਾਂ। ਅਸਲ ਖ਼ੁਸ਼ੀ ਤਾਂ ਤੁਸੀਂ ਆਪ ਹੀ ਆਪਣੇ ਅੰਦਰੋਂ ਲੱਭਣੀ ਹੁੰਦੀ ਹੈ। ਜਿਸ ਨਾਲ਼ ਤੁਹਾਨੂੰ ਅੰਦਰੋਂ ਹੀ ਖ਼ੁਸ਼ੀ ਮਹਿਸੂਸ ਹੁੰਦੀ ਹੈ। ਉਹ ਖ਼ੁਸ਼ੀ ਹੀ ਤੁਹਾਨੂੰ ਅਸਲ ਖ਼ੁਸ਼ੀ ਦਾ ਆਨੰਦ ਦਿੰਦੀ ਹੈ।



ਤੀਜਾ, ਮੈਂ ਉਸ ਚੀਜ਼ ਦੇ ਬਾਰੇ ਵਿੱਚ ਗੱਲ ਕਰ ਰਿਹਾ ਹਾਂ ਜਿਸਦੀ ਕੋਈ ਵੀ ਕੀਮਤ ਨਹੀਂ ਹੁੰਦੀ। ਮੇਰਾ ਮਤਲਬ ਬਿਲਕੁਲ ਮੁਫ਼ਤ ਹੁੰਦੀ ਹੈ, ਪਰ ਹੁੰਦੀ ਬੇਸ਼ਕੀਮਤੀ ਹੈ। ਉਹ ਹੁੰਦੀ ਹੈ ਦਿਆ ਭਾਵਨਾ। ਆਪਣੇ ਅੰਦਰ ਇਸ ਭਾਵਨਾ ਨੂੰ ਜ਼ਰੂਰ ਪੈਦਾ ਕਰੋ। ਦਿਆ ਕਿਸੇ ਵੀ ਪ੍ਰਤੀ ਹੋ ਸਕਦੀ ਹੈ। ਇਨਸਾਨ ਪ੍ਰਤੀ ਵੀ ਜੀਵ-ਜੰਤੂਆਂ ਪ੍ਰਤੀ ਵੀ। ਜਦੋਂ ਤੁਸੀਂ ਕਿਸੇ ਨੂੰ ਵੀ ਮੁਸ਼ਕਿਲ ਦੇ ਸਮੇਂ ਪਿਆਰ ਦੇ ਦੋ ਸ਼ਬਦ ਬੋਲੋਂਗੇ ਤਾਂ ਉਸਦੇ ਨਾਲ਼-ਨਾਲ਼ ਤੁਹਾਨੂੰ ਵੀ ਵਧੀਆ ਲੱਗੇਗਾ। ਇਹ ਇੱਕ ਤਰ੍ਹਾਂ ਦੀ ਜਮ੍ਹਾਂ ਯੋਜਨਾ ਹੀ ਹੁੰਦੀ ਹੈ। ਜੇਕਰ ਤੁਸੀਂ ਅੱਜ ਕਿਸੇ ਨਾਲ਼ ਉਸਦੇ ਦੁੱਖ ਦੇ ਸਮੇਂ ਵਿੱਚ ਖੜ੍ਹੇ ਹੋ ਜਾਂ ਦਿਆ ਪ੍ਰਗਟ ਕਰ ਰਹੇ ਹੋ ਤਾਂ ਕੱਲ੍ਹ ਉਹ ਵੀ ਤੁਹਾਡਾ ਪੂਰਾ ਸਾਥ ਦੇਵੇਗਾ ਪਰ ਤੁਸੀਂ ਇਹ ਸਮਝ ਕੇ ਕਿਸੇ ਨਾਲ਼ ਹਮਦਰਦੀ ਜਾਂ ਦਿਆ ਪ੍ਰਗਟ ਨਹੀਂ ਕਰਨੀ। ਨਹੀਂ ਤਾਂ ਇਹ ਸੋਚ ਹੀ ਸਾਨੂੰ ਦੁਖੀ ਕਰਦੀ ਹੈ। ਸਾਨੂੰ ਇਸ ਵਿੱਚੋਂ ਵੀ ਬਾਹਰ ਨਿਕਲਣ ਦੀ ਜ਼ਰੂਰਤ ਹੁੰਦੀ ਹੈ।

ਚੌਥਾ, ਅਸੀਂ ਕੋਈ ਕੰਮ ਕਰਨ ਤੋਂ ਪਹਿਲਾਂ ਹੀ ਉਸਦੇ ਮਾੜੇ ਨਤੀਜੇ ਉੱਤੇ ਵੀ ਪਹੁੰਚ ਜਾਂਦੇ ਹਾਂ ਤੇ ਕੰਮ ਕਰਨ ਦੀ ਕੋਸ਼ਿਸ਼ ਹੀ ਨਹੀਂ ਕਰਦੇ। ਜਦੋਂ ਕਿ ਸਾਡੀ ਇਹ ਧਾਰਨਾ ਬਿਲਕੁਲ ਹੀ ਗ਼ਲਤ ਹੁੰਦੀ ਹੈ। ਅਸੀਂ ਹਾਰ ਮੰਨ ਕੇ ਬੈਠ ਜਾਂਦੇ ਹਾਂ, ਪਰ ਸਾਨੂੰ ਅਜਿਹਾ ਕਰਨ ਦੀ ਥਾਂ ਉੱਤੇ ਆਪਣੀਆਂ ਕੋਸ਼ਿਸ਼ਾਂ ਕਰਦੇ ਰਹਿਣਾ ਚਾਹੀਦਾ ਹੈ। ਸਾਨੂੰ ਇਹ ਗੱਲ ਜ਼ਿੰਦਗੀ ਵਿੱਚ ਕਦੇ ਵੀ ਨਹੀਂ ਭੁੱਲਣੀ ਚਾਹੀਦੀ ਕਿ ਜਦੋਂ ਤੱਕ ਅਸੀਂ ਕੋਸ਼ਿਸ਼ ਕਰ ਰਹੇ ਹੁੰਦੇ ਹਾਂ ਤਾਂ ਸਾਡੇ ਸਫ਼ਲ ਹੋਣ ਦੇ ਮੌਕੇ ਵੀ ਬਣੇ ਰਹਿੰਦੇ ਹਨ ਤੇ ਅੰਤ ਅਸੀਂ ਸਫ਼ਲਤਾ ਪ੍ਰਾਪਤ ਵੀ ਕਰ ਲੈਂਦੇ ਹਾਂ, ਪਰ ਇਹ ਸਫ਼ਲਤਾ ਮਿਲਦੀ ਉਹਨਾਂ ਨੂੰ ਹੀ ਹੈ ਜੋ ਕੋਸ਼ਿਸ਼ਾਂ ਕਰਦੇ ਰਹਿੰਦੇ ਹਨ। ਉਹਨਾਂ ਨੂੰ ਨਹੀਂ ਜੋ ਛੱਡ ਦਿੰਦੇ ਹਨ। ਇਸ ਲਈ ਮੰਜ਼ਿਲ ਪ੍ਰਾਪਤ ਕਰਨ ਲਈ ਸਦਾ ਹੀ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ। ਮੰਜ਼ਿਲ ਉਹਨਾਂ ਨੂੰ ਹੀ ਮਿਲਦੀ ਹੈ ਜੋ ਘਰੋਂ ਬਾਹਰ ਨਿਕਲ ਕੇ ਚੱਲਦੇ ਹਨ। ਘਰੇ ਬੈਠ ਕੇ ਜਾਂ ਸੋਚ-ਸੋਚ ਕੇ ਕਦੇ ਵੀ ਕਿਸੇ ਨੂੰ ਕੁਝ ਵੀ ਨਹੀਂ ਮਿਲਦਾ। ਇਸ ਲਈ ਸਦਾ ਹੀ ਕੋਸ਼ਿਸ਼ਾਂ ਕਰਦੇ ਰਹੋ ਤੇ ਉਦੋਂ ਤੱਕ ਕਰੋ ਜਦੋਂ ਕਾਮਯਾਬੀ ਤੁਹਾਡੇ ਕਦਮਾਂ ਵਿੱਚ ਨਾ ਹੋਵੇ।

ਜ਼ਿੰਦਗੀ ਵਿੱਚ ਸਫ਼ਲ ਹੋਣ ਲਈ ਇਹ ਕੁਝ ਨੁਕਤੇ ਹਨ। ਮੈਨੂੰ ਪੂਰੀ ਉਮੀਦ ਹੈ ਕਿ ਤੁਸੀਂ ਇਹਨਾਂ ਨੂੰ ਅਪਣਾ ਕੇ ਜ਼ਰੂਰ ਸਫ਼ਲਤਾ ਪ੍ਰਾਪਤ ਕਰੋਗੇ ਤੇ ਸਦਾ ਹੀ ਖ਼ੁਸ਼ ਰਹੋਗੇ। ਤੁਹਾਡੀ ਜ਼ਿੰਦਗੀ ਤੁਸੀਂ ਆਪ ਹੀ ਬਦਲ ਸਕਦੇ ਹੋ ਕੋਈ ਹੋਰ ਨਹੀ। ਇਸ ਲਈ ਸਦਾ ਹੀ ਛੋਟੀਆਂ-ਛੋਟੀਆਂ ਗੱਲਾਂ ਵਿੱਚੋਂ ਖ਼ੁਸ਼ੀਆਂ ਨੂੰ ਲੱਭਦੇ ਰਹੋ ਤੇ ਸਦਾ ਹੀ ਖ਼ੁਸ਼ ਰਹੋ।

ਸੰਜੀਵ ਸਿੰਘ ਸੈਣੀ
78889-66168



# ਦਿਸ਼ਾਹੀਣ ਹੋਈ ਜਵਾਨੀ ਨੂੰ ਸੇਧ ਦੇਣ ਦੀ ਲੋੜ

ਜ਼ਿੰਦਗੀ ਖ਼ੂਬਸੂਰਤ ਹੈ। ਸਾਨੂੰ ਜ਼ਿੰਦਗੀ ਦੇ ਹਰ ਪਲ ਦਾ ਆਨੰਦ ਮਾਨਣਾ ਚਾਹੀਦਾ ਹੈ। ਮਾਂ-ਬਾਪ ਦੇ ਕਿੰਨੇ ਹੀ ਅਰਮਾਨ ਹੁੰਦੇ ਹਨ ਕਿ ਕੱਲ੍ਹ ਨੂੰ ਉਹਨਾਂ ਦੀ ਔਲਾਦ ਪੜ੍ਹ ਲਿਖ ਕੇ ਸਮਾਜ ਦਾ ਨਾਂ ਰੌਸ਼ਨ ਕਰੇ। ਸਮਾਜ ਲਈ ਵਧੀਆ ਕੰਮ ਕਰੇ ਤਾਂ ਜੋ ਉਨ੍ਹਾਂ ਦਾ ਸਿਰ ਮਾਣ ਨਾਲ਼ ਉੱਚਾ ਹੋਵੇ। ਵਿਚਾਰਨ ਵਾਲ਼ੀ ਗੱਲ ਹੈ ਤਕਰੀਬਨ ਕੁਝ ਸਮੇਂ ਤੋਂ ਨੌਜਵਾਨ ਪੀੜ੍ਹੀ ਕੁਰਾਹੇ ਪੈ ਗਈ ਹੈ। ਪੱਛਮੀ ਸੱਭਿਅਤਾ ਦਾ ਬਹੁਤ ਜ਼ਿਆਦਾ ਬੋਲ-ਬਾਲਾ ਹੈ। ਨੌਜਵਾਨੀ ਰਸਾਤਲ ਵੱਲ ਲਗਾਤਾਰ ਵੱਧ ਰਹੀ ਹੈ। ਨੌਜਵਾਨੀ ਭੈੜੀਆਂ ਆਦਤਾਂ ਦਾ ਸ਼ਿਕਾਰ ਹੋ ਚੁੱਕੀ ਹੈ। ਸ਼ਰੇਆਮ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਬੁਲਟ ਮੋਟਰਸਾਇਕਲ ਤੇ ਚਾਰ-ਚਾਰ ਬੰਦੇ ਸ਼ਰੇਆਮ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਹੋਏ, ਖੁੱਲ੍ਹੇ ਸਾਈਲੈਂਸਰ ਨਾਲ਼ ਪਟਾਖ਼ੇ ਵਜਾਉਂਦੇ ਆਮ ਦੇਖੇ ਜਾ ਸਕਦੇ ਹਨ। ਜਦੋਂ ਰਾਹਗੀਰ ਕੋਈ ਜਾ ਰਿਹਾ ਹੁੰਦਾ ਹੈ ਤਾਂ ਅਜਿਹੇ ਸ਼ਰਾਰਤੀ ਨੌਜਵਾਨ ਬੁਲਟ 'ਤੇ ਪਟਾਖ਼ੇ ਵਜਾਉਂਦੇ ਹਨ ਤਾਂ ਇਹਨਾਂ ਦੀ ਤੇਜ਼ ਆਵਾਜ਼ ਕਰਕੇ ਉਹ ਘਬਰਾ ਜਾਂਦਾ ਹੈ। ਕਈ ਵਾਰ ਉਹ ਬੇਹੋਸ਼ ਹੋ ਕੇ ਡਿੱਗ ਜਾਂਦਾ ਹੈ। ਅਜਿਹੀਆਂ ਖ਼ਬਰਾਂ ਆਮ ਸੁਣਦੇ ਹਾਂ। ਕਈ ਵਾਰ ਤਾਂ ਅਜਿਹਾ ਦੇਖਣ ਨੂੰ ਵੀ ਆਉਂਦਾ ਹੈ ਜਦੋਂ ਪੁਲਿਸ ਮੁਲਾਜ਼ਮ ਨਾਕਾ ਲਗਾ ਕੇ ਵਾਹਨਾਂ ਦੀ ਚੈਕਿੰਗ ਕਰ ਰਹੇ ਹੁੰਦੇ ਹਨ, ਤਾਂ ਅਜਿਹੇ ਸ਼ਰਾਰਤੀ ਨੌਜਵਾਨ ਜਿਨ੍ਹਾਂ ਕੋਲ਼ ਗੱਡੀ ਦੇ ਪੇਪਰ ਜਾਂ ਡਰਾਈਵਿੰਗ ਲਾਇਸੰਸ ਬਿਲਕੁਲ ਵੀ ਨਹੀਂ ਹੁੰਦਾ। ਅਜਿਹੇ ਨੌਜਵਾਨ ਆਪਣਾ ਵਹੀਕਲ ਬਿਲਕੁਲ ਵੀ ਨਹੀਂ ਰੋਕਦੇ, ਸਗੋਂ ਪੁਲਿਸ ਆਲਿਆਂ ਦੇ ਉੱਪਰ ਹੀ ਚੜ੍ਹਾ ਕੇ ਉਨ੍ਹਾਂ ਨੂੰ ਜ਼ਖ਼ਮੀ ਕਰਨ ਦੀਆਂ ਖ਼ਬਰਾਂ ਅਸੀਂ ਆਮ ਸੁਣੀਆਂ ਹਨ। ਜਦੋਂ ਕਈ ਵਾਰ ਅਜਿਹੇ ਸ਼ਰਾਰਤੀ ਪੁਲੀਸ ਦੇ ਅੜਿੱਕੇ ਚੜ੍ਹ ਜਾਂਦੇ ਹਨ ਤਾਂ ਪੁਲਿਸ ਇਨ੍ਹਾਂ ਦਾ ਚਾਲਾਨ ਕੱਟਦੀ ਹੈ ਤੇ ਵਹੀਕਲਾਂ ਨੂੰ ਆਪਣੇ ਕਾਬੂ ਵਿੱਚ ਵੀ ਲੈ ਲੈਂਦੀ ਹੈ। ਹਾਲ ਹੀ ਵਿੱਚ ਹੋਲੀ ਦਾ ਤਿਉਹਾਰ ਲੰਘ ਕੇ ਗਿਆ ਹੈ। ਪਤਾ ਨਹੀਂ ਪੁਲਿਸ ਨੇ ਕਿੰਨੇ ਹਜ਼ਾਰਾਂ ਚਲਾਨ ਕੱਟੇ ਹੋਣੇ, ਜਿਨ੍ਹਾਂ ਨੇ ਟ੍ਰੈਫ਼ਿਕ ਨਿਯਮਾਂ ਦੀਆਂ ਧੱਜੀਆਂ ਉਡਾਈਆਂ ਹਨ। ਫ਼ਿਰ ਵੀ ਅਜਿਹੇ ਸ਼ਰਾਰਤੀ ਅਨਸਰਾਂ ਨੂੰ ਅਕਲ ਨਹੀਂ ਆਉਂਦੀ।

ਸੜਕਾਂ ਤੇ ਅਸੀਂ ਆਮ ਦੇਖਦੇ ਹਾਂ ਕਿ ਟਰੈਕਟਰਾਂ ਤੇ ਇੰਨੀ ਉੱਚੀ ਆਵਾਜ਼ ਵਿੱਚ ਗਾਣੇ ਚਲਾ ਕੇ ਆਪਣੀ ਮਸਤੀ ਕਰ ਰਹੇ ਹੁੰਦੇ ਹਨ। ਕਈ ਵਾਰ

ਅਣਸੁਖਾਵੀਂ ਘਟਨਾਵਾਂ ਵੀ ਵਾਪਰ ਜਾਂਦੀਆਂ ਹਨ। ਮਾਂ-ਬਾਪ ਆਪਣੀ ਔਲਾਦ ਨੂੰ ਕਹਿਣ ਤੋਂ ਡਰਦੇ ਹਨ। ਜੇ ਉਹ ਆਪਣੇ ਬੱਚਿਆ ਨੂੰ ਰੋਕਦੇ ਟੋਕਦੇ ਹਨ ਤਾਂ ਅੱਜ ਕੱਲ੍ਹ ਦੀ ਨੌਜਵਾਨ ਪੀੜ੍ਹੀ ਵਿੱਚ ਸਹਿਣਸ਼ੀਲਤਾ ਬਿਲਕੁਲ ਵੀ ਨਹੀ ਹੈ। ਗ਼ਲਤ ਕਦਮ ਚੁੱਕਦੇ ਨੇ। ਅਜਿਹੇ ਸ਼ਰਾਰਤੀ ਨੌਜਵਾਨ ਆਪਣੇ ਮਾਂ ਪਿਓ ਦਾ ਨਾਂ ਬਦਨਾਮ ਕਰਨ ਲੱਗੇ ਹੋਏ ਹਨ। ਮਾਂ-ਬਾਪ ਦੇ ਅੱਗੇ ਬੋਲਦੇ ਹਨ। ਮਾਰ ਕੁਟਾਈ ਤੱਕ ਕਰਦੇ ਹਨ। ਕਈ ਮਾਂ-ਪਿਓ ਤਾਂ ਆਪ ਕਹਿੰਦੇ ਹਨ ਕਿ ਅਸੀਂ ਤਾਂ ਆਪਣੀ ਅਜਿਹੀ ਔਲਾਦ ਤੋਂ ਬੇਔਲਾਦ ਚੰਗੇ ਸਨ। ਪਿੱਛੇ ਜਿਹੇ ਮੇਰਾ ਦੋ ਕੁ ਮਹੀਨੇ ਪਹਿਲਾਂ ਲੇਖ ਬਜ਼ੁਰਗਾਂ ਸੰਬੰਧੀ ਛਪਿਆ ਸੀ, ਤਕਰੀਬਨ ਮੈਨੂੰ ਕਈ ਫ਼ੋਨ ਆਏ। ਮਾਂ



ਬਾਪ ਕਹਿ ਰਹੇ ਸਨ ਕਿ ਸਾਡੀ ਔਲਾਦ ਨੇ ਸਾਡਾ ਜਿਊਣਾ ਦੁੱਭਰ ਕਰ ਰੱਖਿਆ ਹੈ। ਨਸ਼ੇ ਕਰਦੇ ਹਨ। ਜੇ ਇਹਨਾਂ ਨੂੰ ਰੋਕਦੇ ਹਾਂ ਤਾਂ ਸਾਨੂੰ ਮਾਰ ਕਟਾਈ ਵੀ ਕਰਦੇ ਹਨ। ਨਸ਼ਿਆਂ ਦੀ ਭਰਪਾਈ ਲਈ ਘਰ ਦਾ ਸਮਾਨ ਤੱਕ ਵੇਚ ਦਿਤਾ, ਇੱਕ ਮਾਂ ਨੇ ਇਹ ਦੱਸਿਆ। ਗੱਲਾਂ ਸੁਣ ਕੇ ਮੇਰਾ ਸਰੀਰ ਕੰਬ ਗਿਆ। ਸੋਚੋ ਜਿਹੜੇ ਮਾਂ-ਬਾਪ ਕਿੰਨੀਆਂ ਤੰਗੀਆਂ ਕੱਟ ਕੇ ਤੁਹਾਨੂੰ ਪੜ੍ਹਾਉਂਦੇ ਲਿਖਾਉਂਦੇ ਹਨ, ਅੱਜ ਤੁਸੀਂ ਉਹਨਾਂ ਦੇ ਗਲ਼ ਵਿੱਚ ਅੰਗੂਠਾ ਦੇ ਰਹੇ ਹੋ। ਘਰ ਵਿੱਚ ਕਿਸੇ ਦੀ ਇੱਜ਼ਤ ਨਹੀਂ ਕਰਦੇ। ਛੋਟੇ-ਵੱਡੇ ਦਾ ਖ਼ਿਆਲ ਨਹੀਂ ਰੱਖਦੇ।

ਹਾਲ ਹੀ ਵਿੱਚ ਖ਼ਬਰ ਪੜ੍ਹੀ ਕਿ ਇੱਕ ਹੀ ਪਿੰਡ ਦੇ 18 ਸਾਲ ਦੇ ਦੋ ਨੌਜਵਾਨਾਂ ਨੇ ਚਿੱਟੇ ਦਾ ਟੀਕਾ ਲਗਾਇਆ। ਦੋਨਾਂ ਦੀ ਮੌਤ ਹੋ ਚੁੱਕੀ ਹੈ। ਚਿੱਟੇ ਨੇ ਪੰਜਾਬ ਦੀ ਜਵਾਨੀ ਖ਼ਤਮ ਕਰ ਦਿੱਤੀ ਹੈ। ਨੌਜਵਾਨ ਭੈੜੀਆਂ ਆਦਤਾਂ ਦਾ ਸ਼ਿਕਾਰ ਹੋ ਰਹੇ ਹਨ। ਅਕਸਰ ਚੋਰੀ ਦੀਆਂ ਵਾਰਦਾਤਾਂ ਵਿੱਚ ਅਜਿਹੇ ਸ਼ਰਾਰਤੀ ਨੌਜਵਾਨ ਆਮ ਫੜੇ ਜਾਂਦੇ ਹਨ। ਪੜ੍ਹਾਈ ਲਿਖਾਈ ਦਾ ਇਨ੍ਹਾਂ ਤੇ ਬਿਲਕੁਲ ਵੀ ਅਸਰ ਨਹੀਂ ਹੁੰਦਾ। ਅਕਸਰ ਕਾਲਜਾਂ, ਯੂਨੀਵਰਸਿਟੀਆਂ ਵਿੱਚ ਵੀ ਜਦੋਂ ਅਜਿਹੇ ਸ਼ਰਾਰਤੀ ਨੌਜਵਾਨ ਜਾਂਦੇ ਹਨ, ਤਾਂ ਉੱਥੇ ਵੀ ਅਜਿਹੇ ਨੌਜਵਾਨ ਲੜਾਈ ਦਾ ਕਾਰਨ ਬਣਦੇ ਹਨ। ਇਨ੍ਹਾਂ ਤੇ ਫ਼ਿਰ ਯੂਨੀਵਰਸਿਟੀ ਵੱਲੋਂ ਕੇਸ ਦਰਜ ਕਰਵਾਏ ਜਾਂਦੇ ਹਨ। ਹੁੱਲੜਬਾਜ਼ੀ ਕਰਦੇ ਹਨ। ਗ਼ਲਤ ਸ਼ਬਦਾਂ ਦੀ ਵਰਤੋਂ ਕਰਦੇ ਹਨ। ਅਜਿਹੇ ਸ਼ਰਾਰਤੀ ਨੌਜਵਾਨਾਂ ਨੂੰ ਆਪਣੇ ਧਾਰਮਿਕ ਇਤਿਹਾਸ ਬਾਰੇ ਬਿਲਕੁਲ ਵੀ ਜਾਣਕਾਰੀ ਨਹੀਂ ਹੁੰਦੀ ਹੈ। ਹੁੱਲੜਬਾਜ਼ੀ ਕਰਦੇ ਅਜਿਹੇ ਨੌਜਵਾਨ ਸਾਰਿਆਂ ਲਈ ਪ੍ਰੇਸ਼ਾਨੀ ਖੜ੍ਹੀ ਕਰ ਰਹੇ ਹਨ। ਹੇਮਕੁੰਟ ਸਾਹਿਬ ਦੀ ਜਦੋਂ ਤੀਰਥ ਯਾਤਰਾ ਸ਼ੁਰੂ ਹੁੰਦੀ ਹੈ, ਤਾਂ ਮੋਟਰਸਾਈਕਲਾਂ ਤੇ ਹੁੱਲੜਬਾਜ਼ੀ ਕਰਦੇ ਅਜਿਹੇ ਸ਼ਰਾਰਤੀ ਨੌਜਵਾਨ ਆਮ ਦੇਖੇ ਜਾ ਸਕਦੇ ਹਨ। ਧਾਰਮਿਕ ਸਥਾਨਾਂ ਵੱਲ ਜਾ ਕੇ ਵੀ ਇਹ ਨੌਜਵਾਨ ਆਪਣੇ ਸੂਬੇ ਦਾ ਨਾਂ ਬਦਨਾਮ ਕਰਨ ਤੇ ਲੱਗੇ ਹੋਏ ਹਨ। ਗ਼ਲਤ ਸ਼ਬਦਾਵਲੀ ਦੀ ਵਰਤੋਂ ਕਰਦੇ ਹਨ। ਹਾਲਾਂਕਿ ਹੁੱਲੜਬਾਜ਼ਾਂ ਨੂੰ ਪੁਲਿਸ ਪ੍ਰਸ਼ਾਸ਼ਨ ਵੱਲੋਂ ਹਿਰਾਸਤ ਵਿੱਚ ਵੀ ਲਿਆ ਜਾਂਦਾ ਹੈ। ਪੁਲਿਸ ਪ੍ਰਸ਼ਾਸਨ ਆਪਣੀ ਜ਼ਿਮੇਵਾਰੀ ਬਹੁਤ ਇਮਾਨਦਾਰੀ ਨਾਲ਼ ਨਿਭਾਅ ਰਿਹਾ ਹੈ। ਧਾਰਮਿਕ ਤੇ ਆਮ ਮੇਲਿਆਂ ਵਿੱਚ ਲੜਾਈ ਝਗੜਾ, ਕਤਲ, ਲੁੱਟ-ਖੋਹ ਜਿਹੀਆਂ ਵਾਰਦਾਤਾਂ ਆਮ ਹੋ ਗਈਆਂ ਹਨ। ਧਾਰਮਿਕ ਸਥਾਨਾਂ ਵੱਲ ਜਾਂਦੇ ਅਜਿਹੇ ਨੌਜਵਾਨ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਹੋਏ ਕਈ ਵਾਰ ਮੌਤ ਦੇ ਮੂੰਹ ਵਿੱਚ ਚਲੇ ਜਾਂਦੇ ਹਨ। ਕਿੰਨਾ ਚੰਗਾ ਹੋਵੇ ਜੇ ਇਹ ਸਾਰੀਆਂ ਬੇਹੁਦਗੀਆਂ ਨਾ ਕੀਤੀਆਂ ਜਾਣ। ਨੌਜਵਾਨੀ ਨੂੰ ਅੱਜ ਬਚਾਉਣ ਦੀ ਲੋੜ ਹੈ।



ਮਾ.ਸੰਜੀਵ ਧਰਮਾਣੀ
94785-61356

# ਬਿੱਲੀ ਅਸ਼ੁੱਭ ਨਹੀਂ ਹੁੰਦੀ

ਦੁਨੀਆ ਵਿੱਚ ਭਾਂਤ-ਭਾਂਤ ਦੇ ਲੋਕ ਰਹਿੰਦੇ ਹਨ ਅਤੇ ਉਨ੍ਹਾਂ ਦੇ ਅਲੱਗ-ਅਲੱਗ ਵਿਸ਼ਵਾਸ ਅਤੇ ਮਾਨਤਾਵਾਂ ਹੁੰਦੀਆਂ ਹਨ, ਪਰ ਕਈ ਵਿਸ਼ਵਾਸ ਬਿਲਕੁਲ ਗ਼ੈਰ-ਵਿਗਿਆਨਕ ਅਤੇ ਡਰਾਵਣੇ ਹੁੰਦੇ ਹਨ ਅਤੇ ਉਨ੍ਹਾਂ ਦਾ ਕੋਈ ਵੀ ਠੋਸ ਆਧਾਰ ਨਹੀਂ ਹੁੰਦਾ। ਭਾਵੇਂ ਕਿ ਅੱਜ ਦਾ ਮਨੁੱਖ ਕੰਪਿਊਟਰ ਯੁੱਗ ਵਿੱਚ ਜੀਅ ਰਿਹਾ ਹੈ, ਪਰ ਅੱਜ ਵੀ ਕਈ ਗ਼ੈਰ-ਵਿਗਿਆਨਕ ਵਿਸ਼ਵਾਸ ਉਸ ਦਾ ਪਿੱਛਾ ਨਹੀਂ ਛੱਡ ਰਹੇ ਅਤੇ ਕਈ ਮਨਘੜਤ ਧਾਰਨਾਵਾਂ ਭਾਵਨਾਵਾਂ ਉਸ ਦੀ ਤਰੱਕੀ ਵਿੱਚ ਰੋੜਾ ਬਣਦੀਆਂ ਜਾ ਰਹੀਆਂ ਹਨ। ਜੋ ਕਿ ਪੜ੍ਹੇ-ਲਿਖੇ ਮਨੁੱਖ ਦੀ ਸੋਚ 'ਤੇ ਪ੍ਰਸ਼ਨ-ਚਿੰਨ੍ਹ ਲਗਾ ਦਿੰਦੀਆਂ ਹਨ। ਇਨ੍ਹਾਂ ਹੀ ਗ਼ੈਰ-ਵਿਗਿਆਨਕ ਵਿਸ਼ਵਾਸਾਂ ਵਿੱਚੋਂ ਇੱਕ ਹੈ ਬਿੱਲੀ ਜਾਂ ਕਾਲ਼ੀ ਬਿੱਲੀ ਦਾ ਦਿਖ ਜਾਣਾ, ਮਿਲ ਜਾਣਾ ਜਾਂ ਉਸ ਵੱਲੋਂ ਰਸਤਾ ਕੱਟ ਦੇਣਾ। ਕਈ ਲੋਕ ਤਾਂ ਸਵੇਰੇ-ਸਵੇਰੇ ਬਿੱਲੀ ਦਾ ਦਿਖ ਜਾਣਾ ਹੀ ਬੁਰਾ-ਅਸ਼ੁੱਭ ਸਮਝਦੇ ਹਨ। ਬਿੱਲੀ ਜਾਂ ਕਾਲ਼ੀ ਬਿੱਲੀ ਸਬੰਧੀ ਅਸ਼ੁੱਭਤਾ ਦੀ ਇਹ ਧਾਰਨਾ ਬਿਲਕੁਲ ਹੀ ਅੰਧ-ਵਿਸ਼ਵਾਸ ਹੈ। ਇਹ ਅੰਧ-ਵਿਸ਼ਵਾਸ ਹਜ਼ਾਰਾਂ ਸਾਲ ਪਹਿਲਾਂ ਸ਼ੁਰੂ ਹੋਇਆ ਸੀ। ਕਹਾਣੀ ਇਹ ਹੈ ਕਿ ਪ੍ਰਾਚੀਨ ਕਾਲ ਵਿੱਚ ਮਿਸਰ ਦੇ ਲੋਕ ਬਿੱਲੀ ਨੂੰ ਬਹੁਤ ਹੀ ਪਵਿੱਤਰ ਸਮਝਦੇ ਸਨ ਅਤੇ ਉਸ ਦੀ ਪੂਜਾ ਕਰਦੇ ਸਨ।

ਮਿਸਰ ਵਾਸੀਆਂ ਦੀ ਇੱਕ ਦੇਵੀ ਸੀ। ਜਿਸ ਦਾ ਨਾਂ ਬਾਸ਼ਤ ਸੀ। ਜਿਸ ਦਾ ਸਿਰ ਬਿੱਲੀ ਵਰਗਾ ਸੀ। ਉਹ ਇਸ ਦੇਵੀ ਦੀ ਪੂਜਾ ਬਹੁਤ ਹੀ ਧੂਮ-ਧਾਮ ਨਾਲ਼ ਕਰਦੇ ਸਨ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਇਹ ਬਿੱਲੀ ਨੌਂ ਵਾਰ ਜਨਮ ਲੈਂਦੀ ਹੈ। ਜਿਸ ਸਬੰਧੀ ਅੱਜ ਵੀ ਕਈ ਲੋਕਾਂ ਦਾ ਅੰਧ-ਵਿਸ਼ਵਾਸ ਹੈ ਕਿ ਬਿੱਲੀ ਦੇ ਨੌਂ ਜਨਮ ਹੁੰਦੇ ਹਨ। ਮਿਸਰ ਵਿੱਚ ਜਦ ਵੀ ਕੋਈ ਕਾਲ਼ੀ ਬਿੱਲੀ ਮਰ ਜਾਂਦੀ ਸੀ ਤਾਂ ਉਸ ਦੇ ਮ੍ਰਿਤਕ ਸਰੀਰ ਨੂੰ ਕਈ ਤਰ੍ਹਾਂ ਦੇ ਮਸਾਲੇ-ਰਸਾਇਣ ਆਦਿ ਲਗਾ ਕੇ ਸੁਰੱਖਿਅਤ ਰੱਖ ਲਿਆ ਜਾਂਦਾ ਸੀ। ਮਿਸਰ ਦੀ ਇੱਕ ਸ਼ਮਸ਼ਾਨ ਭੂਮੀ ਵਿੱਚ ਹਜ਼ਾਰਾਂ ਕਾਲ਼ੀਆਂ ਬਿੱਲੀਆਂ ਦੇ ਮ੍ਰਿਤਕ ਸਰੀਰ ਮਿਲੇ। ਬਿੱਲੀ ਨੂੰ ਮਾਰਨ ਵਾਲ਼ੇ ਵਿਅਕਤੀ ਨੂੰ ਮੌਤ ਦੀ ਸਜ਼ਾ ਦਿੱਤੀ ਜਾਂਦੀ ਸੀ। ਇਸੇ ਲਈ ਲੋਕ ਕਾਲ਼ੀ ਬਿੱਲੀ ਤੋਂ ਬਹੁਤ ਡਰਦੇ ਸਨ। ਬੱਸ ਇਸੇ ਆਧਾਰ 'ਤੇ ਲੋਕ ਬਿੱਲੀ ਜਾਂ ਕਾਲ਼ੀ ਬਿੱਲੀ ਨੂੰ ਬੁਰਾ ਭਲਾ ਕਹਿਣ ਲੱਗੇ ਅਤੇ ਅਸ਼ੁੱਭ ਸਮਝਣ ਲੱਗੇ। ਇਸ ਤਰ੍ਹਾਂ ਕਈ ਸਦੀਆਂ ਇਹ ਅੰਧ-ਵਿਸ਼ਵਾਸ ਚੱਲਦਾ ਰਿਹਾ। ਜਦੋਂ ਕਿ ਅਸਲੀਅਤ ਇਹ ਹੈ ਕਿ ਕੋਈ ਵੀ ਬਿੱਲੀ, ਕਾਲ਼ੀ ਬਿੱਲੀ, ਕਾਇਨਾਤ ਦਾ ਬਣਾਇਆ ਕੋਈ ਵੀ ਜੀਵ-ਜੰਤੂ, ਪ੍ਰਾਣੀ, ਵਸਤੂ ਜਾਂ ਕੁਦਰਤ ਦੀ ਰਚਨਾ ਕਦੇ ਵੀ ਨਾ ਤਾਂ ਅਸ਼ੁੱਭ ਹੁੰਦੀ ਹੈ ਅਤੇ ਨਾ ਹੀ ਅਸ਼ੁੱਭ ਜਾਂ ਬੁਰੀ ਹੋ ਸਕਦੀ ਹੈ। ਇਸ ਪਿੱਛੇ ਸਾਡੀ ਸੋਚ ਹੀ ਕੰਮ ਕਰਦੀ ਹੈ, ਕਿਉਂਕਿ ਬਿੱਲੀ ਇੱਕ ਪਾਲਤੂ ਜਾਨਵਰ ਹੈ ਅਤੇ ਲੋਕ ਇਸ ਨੂੰ ਪਿਛਲੇ 5000 ਸਾਲਾਂ ਤੋਂ ਘਰਾਂ ਵਿੱਚ ਪਾਲਦੇ ਆ ਰਹੇ ਹਨ।



ਡਾ.ਸੋਨੀਆ ਚਹਿਲ
94178-73407

# ਹਾਏ! ਮੇਰਾ ਬਲੂੰਗੜਾ

ਰਾਤ ਦਾ ਕੰਮ ਨਿਬੇੜ ਮੈਂ ਪਈ ਹੀ ਸੀ ਕਿ ਮੇਰਾ ਬੇਟਾ ਮੇਰੇ ਕੋਲ਼ ਆ ਕੇ ਬੈਠ ਗਿਆ ਅਤੇ ਕਹਿਣ ਲੱਗਾ, ''ਮੰਮਾ ਧਿਆਨ ਨਾਲ਼ ਸੁਣੋ ਕੁਝ ਸੁਣਾਈ ਦਿੰਦਾ ਹੈ?'' ਮੈਂ ਹੋਰਾਂ ਗੱਲਾਂ ਤੋਂ ਧਿਆਨ ਹਟਾ ਬਿੱਲੀ ਵਾਂਗੂ ਕੰਨ ਖੜ੍ਹੇ ਕਰ ਸੁਣਨ ਦੀ ਕੋਸ਼ਿਸ਼ ਕੀਤੀ। ਮੇਰੇ ਇਸ ਤਰ੍ਹਾਂ ਕਰਨ ਨਾਲ਼ ਬੇਟਾ ਖਿੜ੍ਹ-ਖਿੜ੍ਹ ਕਰਕੇ ਹੱਸ ਪਿਆ ਤੇ ਕਹਿਣ ਲੱਗਾ, ''ਮਾਣੋ ਬਿੱਲੀ'' ਮੈਂ ਉਸ ਦਾ ਹੱਥ ਪਰਾਂ ਧੱਕਦਿਆ ਬੋਲੀ, ''ਚੱਲ ਹੱਟ ਸ਼ਰਾਰਤੀ।'' ਅਸਲ ਵਿੱਚ ਮੇਰੀ ਮਾਂ ਮੈਨੂੰ ਪਿਆਰ ਨਾਲ਼ 'ਮਾਣੋ' ਕਿਹਾ ਕਰਦੇ ਸਨ। ਬੇਟੇ ਨੇ ਫਿਰ ਕੋਲ਼ ਆਉਂਦਿਆਂ ਕਿਹਾ, ਅੱਛਾ ਮੰਮਾ ਹੁਣ ਮਜ਼ਾਕ ਨਹੀਂ ਧਿਆਨ ਨਾਲ਼ ਸੁਣੋ। ਮੈਂ ਸੁਣਿਆਂ ਬਾਹਰੋਂ ਵਿਹੜੇ ਵਿੱਚੋਂ ਮਿਆਊਂ-ਮਿਆਊਂ ਦੀ ਅਵਾਜ਼ ਆ ਰਹੀ ਸੀ। ਆਵਾਜ਼ ਸੁਣ ਕੇ ਮੈਂ ਕਿਹਾ, 'ਜਸ ਪੁੱਤ, ਬਿੱਲੀ ਐ।' ਮੇਰੇ ਕੁਝ ਅੱਗੋਂ ਕਹਿਣ ਤੋਂ ਪਹਿਲਾਂ ਹੀ ਉਹ ਬੋਲਿਆ, ''ਨਹੀਂ ਮੰਮਾ, ਬਲੂੰਗੜਾ ਐ, ਕੱਲ੍ਹ ਦਾ ਰੋ ਰਿਹਾ ਹੈ, ਗ਼ਮਲਿਆਂ ਪਿੱਛੇ ਪਿਆ ਹੈ।'' ਇੱਕੋ ਹੀ ਸਾਹ ਉਹ ਕਿੰਨਾ ਕੁਝ ਦੱਸ ਗਿਆ, ਪਰ ਮੈਂ ਉਸ ਦੀ ਗੱਲ ਕੱਟਦਿਆਂ ਕਿਹਾ ਆਪੇ ਬਿੱਲੀ ਲੈ ਜਾਉਂਗੀ, ਗਈ ਹੋਣੀ ਐਂ ਕਿਧਰੇ ਕੁਝ ਖਾਣ-ਪੀਣ ਨਾਲ਼ ਉਸ ਨੂੰ ਹਦਾਇਤ ਵੀ ਕੀਤੀ ਕਿ ਬਲੂਗੜੇ ਨੂੰ ਹੱਥ ਨਾ ਲਾਈਂ, ਜੇ ਕਿਧਰੇ ਬਿੱਲੀ ਆ ਗਈ ਨਹੁੰਦਰਾਂ ਮਾਰੂ ਤੇਰੇ।

ਬੇਟਾ ਜਸ ਤਾਂ ਸੌਂ ਗਿਆ, ਪਰ ਉਸ ਬਲੂੰਗੜੇ ਦੀ ਮਿਆਊਂ-ਮਿਆਊਂ ਨੇ ਮੈਨੂੰ ਸਾਰੀ ਰਾਤ ਸੌਣ ਨਾ ਦਿੱਤਾ। ਵਿੱਚ-ਵਿੱਚ ਮੈਂ ਖਿੜਕੀ ਵਿੱਚੋਂ ਟਾਰਚ ਮਾਰ ਕੇ ਵੇਖ ਵੀ ਲੈਂਦੀ ਕੇ ਬਿੱਲੀ ਆਈ ਹੈ ਜਾਂ ਨਹੀਂ, ਪਰ ਸੱਚਮੁੱਚ ਬਿੱਲੀ ਸਾਰੀ ਰਾਤ ਨਾ ਆਈ। ਮੇਰੇ ਮਨ ਵਿੱਚ ਉਸ ਨੂੰ ਲੈ ਕੇ ਤਰ੍ਹਾਂ-ਤਰ੍ਹਾਂ ਦੇ ਖ਼ਿਆਲ ਆਉਣ ਲੱਗ ਪਏ। ਮੈਂ ਸੋਚਾਂ ਕਿਧਰੇ ਕੁੱਤਿਆਂ ਨੇ ਹੀ ਨਾ ਮਾਰ ਮੁਕਾਈ ਹੋਵੇ। ਮੈਂ ਇਸੇ ਉਧੇੜ-ਬੁਣ ਵਿੱਚ ਹੀ ਸੀ ਕੇ ਕਦ ਜਸ ਸੁੱਤਾ ਉਠ ਕੇ ਆ ਗਿਆ ਤੇ ਕਹਿਣ ਲੱਗਾ, ''ਮੰਮਾ ਬਿੱਲੀ ਆਈ ਨਹੀਂ ਨਾ ਸਾਰੀ ਰਾਤ?'' ਮੈਂ ਕੇਵਲ ਹਾਂ ਵਿੱਚ ਸਿਰ ਹਿਲਾਇਆ ਤੇ ਚੁੱਪਚਾਪ ਅੱਧਾ ਗਿਲਾਸ ਦੁੱਧ ਤੇ ਇੱਕ ਪਲਾਸਟਿਕ ਦੀ ਕੌਲੀ ਉਸ ਦੇ ਹੱਥ ਦੇ ਦਿੱਤੀ। ਜੱਸ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ। ਕਹਿਣ ਲੱਗਾ ਆਓ ਆਪਾਂ ਦੋਵੇਂ ਚੱਲੀਏ। ਮੈਂ ਚੁੱਪ-ਚਾਪ ਉਸ ਨਾਲ਼ ਗ਼ਮਲਿਆਂ ਕੋਲ਼ ਚਲੀ ਗਈ। ਬਲੂੰਗੜਾ ਬੜਾ ਮਰੀਅਲ ਜਿਹਾ ਸੀ। ਦੁੱਧ ਪਾ ਕੇ ਅਸੀਂ ਪਰੇ ਹੋ ਗਏ। ਕਾਫ਼ੀ ਸਮੇਂ ਬਾਅਦ ਉਸ ਦੁੱਧ ਪੀ ਲਿਆ। ਵਕਤ ਲੰਘਦਾ ਗਿਆ ਤੇ ਸਾਡੇ ਉਸ 'ਮਿਆਊਂ' ਨੂੰ ਘਰ ਆਇਆ ਇੱਕ ਮਹੀਨਾ ਹੋ ਚੱਲਿਆ ਸੀ। ਇੱਕ ਦਿਨ ਰਾਤ ਨੂੰ ਬੜਾ ਮੀਂਹ ਆਇਆ। ਮੈਂ ਸਵੇਰੇ ਡਿਊਟੀ 'ਤੇ ਜਾਣ ਲਈ ਤਿਆਰ ਹੋਈ ਤਾਂ ਮਿਆਊਂ ਲਈ ਦੁੱਧ ਪਾ ਕੇ ਆਵਾਜ਼ ਦਿੱਤੀ ਵੇ ਮਿਆਊਂ! ਆਜਾ ਦੁੱਧ ਪੀ ਲੈ, ਪਰ ਮੇਰੇ ਵਾਰ-ਵਾਰ ਆਵਾਜ਼ ਦੇਣ ਤੇ ਵੀ ਉਹ ਨਾ ਆਇਆ। ਕਾਹਲੀ ਵਿੱਚ ਹੋਣ ਕਾਰਨ ਮੈਂ ਸੋਚਿਆ ਆਪੇ ਆ ਕੇ ਪੀ ਲਊਗਾ।

ਸਕੂਲ ਦੀ ਬੱਸ ਫੜਨ ਲਈ ਬਾਹਰ ਗਿਆ ਮੇਰਾ ਪੁੱਤਰ ਭਰੀਆਂ ਅੱਖਾਂ ਨਾਲ਼ ਵਾਪਸ ਆ ਗਿਆ। ਉਸ ਨੂੰ ਅਜਿਹੀ ਹਾਲਤ ਵਿੱਚ ਵੇਖ ਕੇ ਮੇਰਾ ਸਾਹ ਸੁੱਕ

ਗਿਆ। ਵੇ ਪੁੱਤ! ਕੀ ਹੋ ਗਿਆ। ਰੋਂਦੇ ਨੂੰ ਮੈਂ ਗਲ਼ ਨਾਲ਼ ਲਗਾਇਆ, ਪਰ ਉਸ ਤੋਂ ਬੋਲਿਆਂ ਨਹੀਂ ਸੀ ਜਾ ਰਿਹਾ। ਬਾਂਹ ਫੜ ਉਹ ਮੈਨੂੰ ਬਾਹਰ ਲੈ ਗਿਆ। ਮਿਆਊਂ ਦਾ ਸਿਰ ਧੜ ਤੋਂ ਅਲੱਗ ਹੋਇਆ ਪਿਆ ਸੀ। ਬੇਟਾ ਉੱਚੀ-ਉੱਚੀ ਰੋ ਰਿਹਾ ਸੀ ਤੇ ਕਹਿ ਰਿਹਾ ਸੀ, ਇਹ ਸਭ ਇਨ੍ਹਾਂ ਅਵਾਰਾ ਕੁੱਤਿਆਂ ਦਾ ਕਾਰਾ ਐ ਤੇ ਉਸ ਦੇ ਮੂੰਹੋਂ ਨਿਕਲੇ ਸ਼ਬਦ ਹਾਏ! ਮੇਰਾ ਬਲੂੰਗੜਾ ਨੇ ਮੇਰਾ ਅੰਦਰ ਹਿਲਾ ਦਿਤਾ।

ਅੱਜ ਮੇਰੀ ਦੋਸਤ ਨੇ ਵਟਸਐੱਪ ਉਪਰ ਆਪਣੀ ਬਿੱਲੀ ਚੋਪੀ ਦੀ ਵੀਡੀਓ ਪਾਈ ਸੀ। ਮੈਨੂੰ ਸਾਡਾ ਮਿਆਊਂ ਯਾਦ ਆ ਗਿਆ। ਰਾਤੀ ਇਹ ਗੱਲ ਮੈਂ ਬੇਟੇ ਨਾਲ਼ ਸਾਂਝੀ ਕੀਤੀ। ਹੁਣ ਉਹ ਮੈਨੂੰ ਕਹਿਣ ਲੱਗਾ, ਚਲੋ ਤੁਹਾਨੂੰ ਬਿੱਲੀਆਂ ਬਾਰੇ ਕੁਝ ਦੱਸਾਂ। ਮੈਂ ਹਾਂ ਵਿੱਚ ਸਿਰ ਹਿਲਾ ਦਿੱਤਾ, ਪਰ ਉਹ ਕਹਿਣ ਲੱਗਾ ਪਹਿਲਾਂ ਤੁਸੀਂ ਦੱਸੋ ਤੁਹਾਨੂੰ ਕੀ ਪਤਾ ਹੈ ਬਿੱਲੀਆਂ ਬਾਰੇ ਨਹੀ ਤਾਂ ਬਾਅਦ ਵਿੱਚ ਮੇਰੇ ਤੋਂ ਗੱਲ ਸੁਣ ਮੈਨੂੰ ਹੀ ਕਹਿ ਦੇਣਾ ਕਿ ਇਹ ਤਾਂ ਮੈਨੂੰ ਪਹਿਲਾਂ ਹੀ ਪਤਾ ਸੀ। ਉਹ ਕਹਿੰਦੇ ਨੇ ਨਾ ਮੇਰੀ ਬਿੱਲੀ ਮੈਨੂੰ ਹੀ ''ਮਿਆਊਂ''। ਮੈਂ ਹੱਸ ਪਈ ਤੇ ਕਿਹਾ,''ਬੇਟੇ ਮੈਨੂੰ ਤਾਂ ਇੰਨਾ ਹੀ ਪਤਾ ਹੈ ਕਿ ਬਿੱਲੀਆਂ ਮਾਸਾਹਾਰੀ ਹੁੰਦੀਆਂ ਹਨ। ਜਿਸ ਤਰ੍ਹਾਂ ਆਪਣੇ ਸ਼ਰੀਰ ਵਿੱਚ 206 ਹੱਡੀਆਂ ਹੁੰਦੀਆਂ ਹਨ ਉਸੇ ਤਰ੍ਹਾਂ ਬਾਲਗ ਬਿੱਲੀ ਵਿੱਚ 244 ਹੱਡੀਆਂ ਹੁੰਦੀਆਂ ਹਨ ਤੇ ਬਾਲਗ ਬਿੱਲੀ ਦੇ ਦੰਦਾਂ ਦੀ ਗਿਣਤੀ 30 ਅਤੇ ਬਲੂੰਗੜੇ ਦੇ 26 ਦੰਦ ਹੁੰਦੇ ਹਨ।''

ਜਸ ਬੋਲਿਆ, ''ਬਸ, ਜੇ ਕੁਝ ਹੋਰ ਪਤਾ ਹੈ ਤਾਂ ਦੱਸੋ?'' ਮੈਂ ਕਿਹਾ ਬਿੱਲੀ ਹੋਰ ਜਾਨਵਰਾਂ ਦੇ ਮੁਕਾਬਲੇ ਜ਼ਿਆਦਾ ਸੌਂਦੀ ਹੈ 12 ਤੋਂ 16 ਘੰਟੇ ਕਈ ਤਾਂ 20 ਘੰਟੇ ਵੀ ਸੌਂਦੀਆਂ ਹਨ ਅਤੇ ਇਨ੍ਹਾਂ ਦੇ ਦਿਲ ਦੀ ਧੜਕਣ 120 ਤੋਂ 160 ਪ੍ਰਤੀ ਮਿੰਟ ਹੁੰਦੀ ਹੈ।

ਮੇਰੀ ਗੱਲ ਸੁਣ ਉਹ ਬੋਲਿਆ, ''ਚਲੋ, ਤੁਹਾਨੂੰ ਅੱਜ ਵਿਗਿਆਨਕ ਨਜ਼ਰੀਏ ਤੋਂ ਬਿੱਲੀ ਦੇ ਦਰਸ਼ਨ ਕਰਵਾਈਏ। ਉਹ ਆਖਣ ਲੱਗਾ ਬਿੱਲੀ ਦੇ retractable claws ਹੁੰਦੇ ਹਨ। ਮੈਂ ਸਵਾਲ ਕਰ ਦਿੱਤਾ ਉਹ ਕੀ ਹੁੰਦੇ ਹਨ? ਉਹ ਦੱਸਣ ਲੱਗਾ ਬਿੱਲੀ ਆਪਣੀਆਂ ਨਹੁੰਦਰਾਂ ਨੂੰ ਆਪਣੇ ਪੰਜਿਆਂ ਵਿੱਚ ਗ਼ਾਇਬ ਕਰ ਲੈਂਦੀ ਹੈ ਤੇ ਜਦ ਜ਼ਰੂਰਤ ਹੁੰਦੀ ਹੈ ਉਸ ਵਕਤ ਬਾਹਰ ਕੱਢ ਲੈਂਦੀ ਹੈ ਇਸ ਨਾਲ਼ ਉਸ ਨੂੰ ਚੱਲਣ ਫਿਰਨ ਵਿੱਚ ਆਸਾਨੀ ਰਹਿੰਦੀ ਹੈ ਤੇ ਜਦੋਂ ਜ਼ਰੂਰਤ ਹੋਵੇ ਸ਼ਿਕਾਰ ਤੇ ਹਮਲਾ ਕਰਨ ਲਈ ਬਾਹਰ ਕੱਢ ਲੈਂਦੀ ਹੈ ਟੋਮ ਤੇ ਜੈਰੀ ਦੀ ਲੜਾਈ ਵਾਂਗੂ। ਅੱਛਾ! ਕਮਾਲ ਐ! ਮੈਂ ਕਦੇ ਨੋਟ ਨਹੀਂ ਕੀਤਾ ਮੈਂ ਕਿਹਾ। ਉਹ ਫਿਰ ਆਖਣ ਲੱਗਾ ਲਵੋ ਸੁਣੋ ਇੱਕ ਹੋਰ ਕਮਾਲ ਦੀ ਗੱਲ ਬਿੱਲੀਆਂ ਵਿੱਚ physics defying ability ਹੁੰਦੀ ਹੈ। ਮੇਰਾ ਮੂੰਹ ਫੇਰ ਖੁੱਲ੍ਹਾ ਰਹਿ ਗਿਆ ਮੈਂ ਕਿਹਾ ਬਈ ਐਨੇ ਔਖੇ ਸ਼ਬਦ ਨਾ ਬੋਲ ਸੌਖਾ ਜਿਹਾ ਕਰਕੇ ਦਸ। ਉਹ ਹੱਸ ਪਿਆ ਤੇ ਕਹਿਣ ਲੱਗਾ ਸੁਣੋ ਮੰਮੀ ਬਿੱਲੀਆਂ ਵਿੱਚ ਇੱਕ ਵਿਲੱਖਣ ਗੁਣ ਹੁੰਦਾ ਹੈ ਉਹ ਇਹ ਕਿ ਜਦੋ ਬਿੱਲੀ ਬਹੁਤ ਜ਼ਿਆਦਾ ਉਚਾਈ ਤੋ ਗਿਰਦੀ ਹੈ ਤਾਂ ਹਵਾ ਵਿੱਚ ਹੀ ਇਹ ਆਪਣੇ ਸ਼ਰੀਰ ਨੂੰ reorient ਭਾਵ ਸਿੱਧਾ ਕਰ ਲੈਂਦੀ ਹੈ ਤੇ ਹਮੇਸ਼ਾਂ ਜ਼ਮੀਨ ਤੇ ਆਪਣੇ ਪੈਰਾਂ ਭਾਰ ਹੀ ਗਿਰਦੀ ਹੈ। ਇਸ ਦਾ ਕਾਰਨ ਇਹ ਹੈ ਕਿ ਇਸ ਦੀ ਰੀੜ ਦੀ ਹੱਡੀ ਲਚਕੀਲੀ ਹੁੰਦੀ ਹੈ ਤੇ ਇਸਦੇ collar bone ਭਾਵ ਹਸਲੀ ਨਹੀਂ ਹੁੰਦੀ।

ਥੋੜ੍ਹੀ ਦੇਰ ਚੁੱਪ ਕਰ ਉਸ ਨੇ ਦੱਸਣਾ ਸ਼ੁਰੂ ਕੀਤਾ ਕਿ ਬਿੱਲੀ ਪੈਰਾਸ਼ੂਟ ਦੀ ਤਰਾਂ ਉੱਤੇ ਤੋਂ ਹੇਠਾਂ ਵੱਲ ਆਉਂਦੀ ਹੈ। ਮੈਂ ਫੇਰ ਕਿਹਾ ਉਹ ਕਿਵੇਂ? ਉਸ ਕਿਹਾ ਅੰਗਰੇਜ਼ੀ ਵਿੱਚ ਦੱਸਿਆਂ ਸਮਝ ਆਊਗਾ ਫਿਰ ਨਾ ਕਹਿਣਾ ਕਿ ਔਖੇ ਸ਼ਬਦ ਬੋਲਦਾ ਐ, ਫੇਰ ਕਹਿਣ ਲੱਗਾ they have low body volume to weight ratio. ਮੈਂ ਵਿੱਚੋਂ ਹੀ ਟੋਕ ਕੇ ਕਿਹਾ ਘੱਟ ਸਰੀਰਕ ਘਣਫ਼ਲ ਅਤੇ ਭਾਰ ਵਿੱਚਲਾ ਅਨੁਪਾਤ, ਪਰ ਉਹ ਆਪਣੀ ਗੱਲ ਦੱਸਣ ਵਿੱਚ ਮਸਤ ਸੀ। ਕਹਿਣ ਲੱਗਾ ਇਸੇ ਕਾਰਨ ਜਦ ਬਿੱਲੀ ਗਿਰਦੀ ਹੈ ਇਸ ਦਾ ਵੇਗ ਘੱਟ ਜਾਂਦਾ ਹੈ ਤੇ ਇਸ ਦਾ ਸਰੀਰ ਫ਼ੈਲ ਜਾਂਦਾ ਹੈ ਬਿਲਕੁਲ ਪੈਰਾਸ਼ੂਟ ਦੀ ਤਰ੍ਹਾਂ ਇਹ ਜ਼ਮੀਨ ਤੇ ਆ ਜਾਂਦੀ ਹੈ। ਮੈਂ ਕਿਹਾ, ''ਵਾਹ! ਬਈ ਵਾਹ! ਕਮਾਲ ਦੀ ਜਾਣਕਾਰੀ। ਉਹ ਫੇਰ ਕਹਿਣ ਲੱਗਾ ਤੁਹਾਨੂੰ ਪਤਾ ਹੈ ਮਨੁੱਖ ਦੀਆਂ ਅੱਖਾਂ ਦੀਆਂ ਪੁਤਲੀਆਂ ਦਾ ਆਕਾਰ ਅੱਖਾਂ ਵਿੱਚ ਪੈਣ ਵਾਲ਼ੀ ਰੌਸ਼ਨੀ ਕਾਰਨ ਬਦਲਦਾ ਹੈ ਤੇ ਇਹ ਬਦਲਾਅ ਸਿਰਫ਼ ਪੁਤਲੀ ਦੇ ਵਿਆਸ ਵਿੱਚ ਹੁੰਦਾ ਹੈ ਪਰ ਬਿੱਲੀ ਦੀ ਪੁਤਲੀ ਦਾ ਆਕਾਰ ਗੋਲ਼ ਤੋਂ ਪਤਲੀ ਲੰਬਕਾਰ ਝਿਰੀ ਵਿੱਚ ਬਦਲਦਾ ਹੈ। ਇਹ ਕੰਮ ਸਕਿੰਟਾਂ ਵਿੱਚ ਹੁੰਦਾ ਹੈ। ''

ਥੋੜ੍ਹੀ ਦੇਰ ਚੁੱਪ ਹੋ ਕੇ ਡੂੰਘਾ ਸਾਹ ਭਰ ਕਹਿਣ ਲੱਗਾ ਅੰਟੀ ਦੀ ਚੋਪੀ ਸੋਹਣੀ ਹੈ। ਮੈਂ ਸੋਚ ਰਹੀ ਸੀ ਕੇ ਬਿੱਲੀਆਂ ਦੀ ਏਨੀ ਜਾਣਕਾਰੀ ਉਸ ਦਾ ''ਮਿਆਊਂ'' ਨਾਲ਼ ਡੂੰਘੇ ਲਗਾਉ ਕਾਰਨ ਹੀ ਹੈ ਤੇ ਫੇਰ ਉਸ ਦਾ ਲਿਆ ਡੂੰਘਾ ਸਾਹ ਮੈਨੂੰ ਕਹਿ ਰਿਹਾ ਸੀ ਹਾਏ! ਮੇਰਾ ਬਲੂੰਗੜਾ।



ਰਮੇਸ਼ ਬੱਗਾ ਚੋਹਲਾ
94631-32719

# ਭਾਈ ਹਿੰਮਤ ਸਿੰਘ ਯਾਦਗਾਰੀ ਚਿਲਡਰਨ ਪਾਰਕ ਜਗਨਨਾਥ ਪੁਰੀ

30 ਮਾਰਚ 1699 ਈ. ਨੂੰ (ਵਿਸਾਖੀ ਵਾਲ਼ੇ ਦਿਨ) ਸ੍ਰੀ ਆਨੰਦਪੁਰ ਸਾਹਿਬ ਦੀ ਧਰਤੀ ਉਪਰ ਖ਼ਾਲਸਾ ਪੰਥ ਦੀ ਸਿਰਜਣਾ ਹਿੱਤ ਦਸਵੇਂ ਪਾਤਸ਼ਾਹ ਵੱਲੋਂ ਇੱਕ ਵਿਸ਼ਾਲ ਇਕੱਠ ਕੀਤਾ ਗਿਆ। ਇਸ ਇਕੱਠ ਦਾ ਮਨੋਰਥ ਕੌਮ ਵਿੱਚ ਇੱਕ ਨਵੀਂ ਰੂਹ-ਫੂਕ ਕੇ ਅਣਖੀ ਅਤੇ ਪਰਉਪਕਾਰੀ ਜੀਵਨ ਦਾ ਪਾਠ ਪੜ੍ਹਾਉਣਾ ਸੀ। ਜਦੋਂ ਇਸ ਪੜ੍ਹਾਈ ਦੀ ਫ਼ੀਸ ਵਜੋਂ ਗੁਰੂ ਗੋਬਿੰਦ ਸਿੰਘ ਨੇ ਹੱਥ ਵਿੱਚ ਨੰਗੀ ਤਲਵਾਰ ਲੈ ਕੇ ਪੰਜ ਸਿਰਾਂ ਦੀ ਮੰਗ ਕੀਤੀ ਤਾਂ ਇਕੱਠ ਵਿੱਚ ਸਨਾਟਾ ਛਾ ਗਿਆ। ਜਦੋਂ ਗੁਰੂ ਸਾਹਿਬ ਨੇ ਆਪਣੀ ਇਸ ਮੰਗ ਨੂੰ ਦੂਸਰੀ-ਤੀਸਰੀ ਵਾਰ ਦੁਹਰਾਇਆ ਤਾਂ ਜਿਹੜੇ ਪੰਜ ਪਿਆਰਿਆਂ ਨੇ ਸੀਸ ਤਲੀ 'ਤੇ ਧਰ ਗੁਰੂ ਜੀ ਦੇ ਪ੍ਰਤੀ ਆਪਣੇ ਸੱਚੇ ਤੇ ਸੁੱਚੇ ਪਿਆਰ ਦਾ ਪ੍ਰਗਟਾਵਾ ਕੀਤਾ, ਉਨ੍ਹਾ ਵਿੱਚੋਂ ਇੱਕ ਪਿਆਰੇ ਦਾ ਨਾਂ ਭਾਈ ਹਿੰਮਤ ਰਾਇ ਸੀ।

ਅੱਸੀ ਹਜ਼ਾਰ ਦੇ ਇਕੱਠ ਵਿੱਚੋਂ ਆਪਣੀ ਹਿੰਮਤ ਇਕੱਠੀ ਕਰਕੇ ਬਾਜਾਂ ਵਾਲ਼ੇ ਗੁਰੂ ਦੀ ਵੰਗਾਰ 'ਤੇ ਤਲਵਾਰ 'ਤੇ ਸੀਸ ਦੀ ਭੇਟ ਚੜ੍ਹਾਉਣ ਵਾਲ਼ੇ ਭਾਈ ਹਿੰਮਤ ਰਾਇ ਦਾ ਜਨਮ ਉੜੀਸਾ ਦੇ ਪ੍ਰਸਿੱਧ ਸ਼ਹਿਰ ਜਗਨਨਾਥ ਪੁਰੀ ਵਿਖੇ 18 ਜਨਵਰੀ 1661 ਈਸਵੀ (ਸੰਮਤ 1718) ਨੂੰ ਹੋਇਆ। ਆਪ ਜੀ ਦੇ ਪਿਤਾ ਦਾ ਨਾਂ ਭਾਈ ਗੁਲਜਾਰੀ ਜੀ ਅਤੇ ਮਾਤਾ ਦਾ ਨਾਮ ਧੰਨੋ ਸੀ, ਪਰ ਮਹਾਨ ਕੋਸ਼ ਦੇ ਰਚੇਤਾ ਭਾਈ ਕਾਹਨ ਸਿੰਘ ਨਾਭਾ ਦੁਆਰਾ ਦਿੱਤੇ ਗਏ ਇੱਕ ਹਵਾਲੇ ਅਨੁਸਾਰ ਆਪ ਜੀ ਦਾ ਜਨਮ ਜ਼ਿਲ੍ਹਾ ਪਟਿਆਲਾ ਦੇ ਪਿੰਡ ਸੰਗਤਪੁਰਾ ਦੇ ਵਸਨੀਕ ਭਾਈ ਜੋਤੀ ਰਾਮ ਝੀਊਰ ਅਤੇ ਮਾਤਾ ਰਾਮੋ ਦੇ ਘਰ ਹੋਇਆ ਵੀ ਮੰਨਿਆ ਜਾਂਦਾ ਹੈ। 17 ਸਾਲ ਦੀ ਉਮਰ ਵਿੱਚ ਉਹ ਜਗਨਨਾਥ ਪੁਰੀ ਤੋਂ ਸ੍ਰੀ ਆਨੰਦਪੁਰ ਸਾਹਿਬ ਆਏ ਅਤੇ ਗੁਰੂ ਘਰ ਦੀ ਸੇਵਾ ਵਿੱਚ ਜੁੱਟ ਗਏ। ਜਦੋਂ ਕਲਗੀਧਰ ਪਾਤਸ਼ਾਹ ਨੇ ਅਕਾਲ ਪੁਰਖ ਦੀ ਫ਼ੌਜ (ਖ਼ਾਲਸੇ) ਦੀ ਸਿਰਜਣਾ ਕੀਤੀ ਤਾਂ ਉਸ ਵਕਤ ਭਾਈ ਹਿੰਮਤ ਰਾਏ ਦੀ ਉਮਰ 38 ਸਾਲ ਦੇ ਨੇੜੇ ਪਹੁੰਚ ਚੁੱਕੀ ਸੀ। ਗੁਰੂ ਸਾਹਿਬ ਦੇ ਮਿਸ਼ਨ ਵਿੱਚ ਸ਼ਾਮਿਲ ਹੋ ਕੇ ਉਨ੍ਹਾ ਨੇ ਖੰਡੇ-ਬਾਟੇ ਦਾ ਅੰਮ੍ਰਿਤ ਪਾਨ ਕੀਤਾ ਅਤੇ ਹਿੰਮਤ ਰਾਏ ਤੋਂ ਹਿੰਮਤ ਸਿੰਘ ਬਣ ਗਏ।

ਭਾਈ ਹਿੰਮਤ ਸਿੰਘ ਭਾਵੇਂ ਉੜੀਆ (ਉੜੀਸਾ ਪ੍ਰਾਂਤ ਨਾਲ਼ ਸੰਬੰਧਤ) ਪਰਿਵਾਰ ਨਾਲ਼ ਸੰਬੰਧ ਰੱਖਦੇ ਸਨ, ਪਰ ਉਨ੍ਹਾ ਦੀਆਂ ਜੜ੍ਹਾਂ ਸਿੱਖੀ ਨਾਲ਼ ਡੂੰਘੀਆਂ ਜੁੜੀਆਂ ਹੋਈਆਂ ਸਨ। ਇਨ੍ਹਾਂ ਜੜ੍ਹਾਂ ਦੇ ਅਨੁਸਾਰ ਭਾਈ ਹਿੰਮਤ ਸਿੰਘ ਉਸ ਛੱਜੂ ਝੀਊਰ ਦੇ ਪੋਤਰੇ ਲੱਗਦੇ ਸਨ ਜਿਸ ਉਪਰ ਅੱਠਵੇਂ ਨਾਨਕ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਅਪਾਰ ਬਖ਼ਸ਼ਿਸ਼ ਹੋਈ ਸੀ ।

ਅੱਠਵੇਂ ਪਾਤਸ਼ਾਹ ਦੀ ਪੰਜੋਖਰੇ ਦੀ ਠਹਿਰ ਸਮੇਂ ਜਦੋਂ ਇੱਕ ਹੰਕਾਰੀ ਪੰਡਿਤ ਲਾਲ ਚੰਦ ਨੇ ਗੁਰੂ ਜੀ ਪ੍ਰਤੀ ਆਪਣੀ ਸ਼ੰਕਾ ਦਾ ਪ੍ਰਗਟਾਵਾ ਕਰਦਿਆਂ ਉਨ੍ਹਾ ਕੋਲ਼ੋਂ ਗੀਤਾ ਦੇ ਅਰਥ ਕਰਵਾਉਣੇ ਚਾਹੇ ਤਾਂ ਗੁਰੂ ਜੀ ਨੇ ਉਸ ਹੰਕਾਰੀ ਦਾ ਹੰਕਾਰ ਤੋੜਨ ਲਈ ਉਸ ਨੂੰ ਕਿਹਾ ਕਿ ਉਹ ਪਿੰਡ ਵਿੱਚੋਂ ਕਿਸੇ ਅਜਿਹੇ ਵਿਅਕਤੀ ਨੂੰ ਭਾਲ਼ ਕੇ ਲਿਆਵੇ ਜਿਹੜਾ ਉਸ (ਪੰਡਿਤ) ਦੀ ਅਤੇ ਨਗਰ ਨਿਵਾਸੀਆਂ ਦੀ ਨਜ਼ਰ ਵਿੱਚ ਅਨਪੜ੍ਹ ਅਤੇ ਗਵਾਰ ਹੋਵੇ। ਪੰਡਿਤ ਲਾਲ ਚੰਦ ਚਲਾਕੀ ਨਾਲ਼ ਛੱਜੂ ਨਾਮ ਦੇ ਇੱਕ ਅਨਪੜ੍ਹ ਅਤੇ ਗੂੰਗੇ ਵਿਅਕਤੀ ਨੂੰ ਲੈ ਆਇਆ।

ਗੁਰੂ ਸਾਹਿਬ ਨੇ ਛੱਜੂ ਝੀਊਰ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਬਚਨ ਕੀਤਾ ਕਿ "ਛੱਜੂ! ਗੁਰੂ ਨਾਨਕ ਦੀ ਕਿਰਪਾ ਨਾਲ਼ ਤੂੰ ਹੁਣ ਧਾਰਮਿਕ ਵਿਦਵਾਨ ਬਣ ਗਿਆ ਹੈਂ।ਇਸ ਪੰਡਿਤ ਨਾਲ਼ ਸ਼ਾਸਤਰ-ਅਰਥ ਕਰ ਕੇ ਇਸ ਦੀ ਤਸੱਲੀ ਕਰਾ ਦੇ।"

ਇਹ ਬਚਨ ਕਹਿ ਕੇ ਗੁਰੂ ਜੀ ਨੇ ਆਪਣੀ ਸੋਟੀ ਛੱਜੂ ਦੇ ਸਿਰ 'ਤੇ ਰੱਖ ਦਿੱਤੀ ਅਤੇ ਉਹ ਇੱਕ ਚੰਗੇ ਗਿਆਨੀ ਵਾਂਗ ਗੀਤਾ ਦੇ ਸਲੋਕਾਂ ਦੇ ਅਰਥ ਕਰੀ ਗਿਆ। ਇਸ ਕੌਤਕ ਨਾਲ਼ ਲਾਲ ਚੰਦ ਦਾ ਹੰਕਾਰ ਟੁੱਟ ਗਿਆ ਅਤੇ ਉਸ ਨੂੰ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪਿਆ।

ਪੰਡਿਤ ਦੀ ਨਿਸ਼ਾ ਕਰਾ ਕੇ ਜਦੋਂ ਗੁਰੂ ਹਰਿ ਕ੍ਰਿਸ਼ਨ ਸਾਹਿਬ ਅਗਲੇਰੇ ਪੰਧ ਲਈ ਰਵਾਨਗੀ ਫੜਨ ਲੱਗੇ ਤਾਂ ਛੱਜੂ ਹੱਥ ਜੋੜ ਕੇ ਗੁਰੂ ਜੀ ਨੂੰ ਕਹਿਣ ਲੱਗਾ ਕਿ "ਸੱਚੇ ਪਾਤਸ਼ਾਹ! ਹੁਣ ਮੇਰੇ ਲਈ ਕੀ ਹੁਕਮ ਹੈ।"

ਜਵਾਬ ਵਿੱਚ ਗੁਰੂ ਜੀ ਨੇ ਕਿਹਾ ਕਿ, "ਤੁਸੀਂ ਹੁਣ ਜਗਨਨਾਥ ਪੁਰੀ ਵਿੱਚ ਪਹੁੰਚੋ ਅਤੇ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਿਤ ਕੀਤੀ ਸਿੱਖ ਸੰਗਤ ਵਿੱਚ ਸਿੱਖੀ ਦਾ ਪ੍ਰਚਾਰ ਅਤੇ ਪ੍ਰਸਾਰ ਕਰੋ।"

ਸਤਿ ਬਚਨ ਕਹਿ ਕੇ ਭਾਈ ਛੱਜੂ ਜੀ ਜਗਨਨਾਥ ਪੁਰੀ (ਉੜੀਸਾ) ਆ ਗਏ ਅਤੇ ਇਥੇ ਆ ਕੇ ਉਨ੍ਹਾ ਨੇ ਆਪਣਾ ਘਰ ਵੀ ਵਸਾ ਲਿਆ। ਘਰ ਵੱਸ ਜਾਣ ਤੋਂ ਕੁਝ ਸਮੇਂ ਬਾਅਦ ਉਨ੍ਹਾ ਦੇ ਗ੍ਰਹਿ ਵਿਖੇ ਇੱਕ ਪੁੱਤਰ ਗੁਲਜਾਰੀ ਪੈਦਾ ਹੋਇਆ। ਗੁਲਜਾਰੀ ਜਦੋਂ ਵੱਡਾ ਹੋਇਆ ਤਾਂ ਉਸ ਦਾ ਵਿਆਹ ਇੱਕ ਉੜੀਆ ਔਰਤ ਬੀਬੀ ਧੰਨੋ ਨਾਲ਼ ਕਰ ਦਿੱਤਾ ਗਿਆ। ਇਹ ਗੁਲਜਾਰੀ ਅਤੇ ਮਾਤਾ ਧੰਨੋ ਹੀ ਭਾਈ ਹਿੰਮਤ ਸਿੰਘ ਦੇ ਮਾਤਾ-ਪਿਤਾ ਸਨ, ਜਿਨ੍ਹਾਂ ਨੇ ਬਚਪਨ ਵਿੱਚ ਹੀ ਉਸ ਨੂੰ ਗੁਰਸਿੱਖੀ ਦੀ ਗੁੜ੍ਹਤੀ ਦੇ ਦਿੱਤੀ ਸੀ। ਇਸ ਗੁੜ੍ਹਤੀ ਦੇ ਕਾਰਨ ਹੀ ਭਾਈ ਹਿੰਮਤ ਸਿੰਘ ਜਗਨਨਾਥ ਪੁਰੀ ਤੋਂ ਸ੍ਰੀ ਆਨੰਦਪੁਰ ਸਾਹਿਬ ਆ ਗਏ ਅਤੇ ਗੁਰੂ ਗੋਬਿੰਦ ਸਿੰਘ ਦੁਆਰਾ ਤਿਆਰ ਕੀਤੇ ਖ਼ਾਲਸਾ ਪੰਥ ਵਿੱਚ ਸ਼ਾਮਿਲ ਹੋ ਕੇ ਗੁਰੂ ਦੇ ਪਿਆਰੇ ਬਣ ਗਏ। ਸਿਰ ਦੇ ਕੇ ਹਾਸਲ ਕੀਤੇ ਗੁਰੂ ਦੇ ਪਿਆਰ ਨੂੰ ਭਾਈ ਹਿੰਮਤ ਸਿੰਘ ਨੇ ਆਪਣੇ ਆਖ਼ਰੀ ਦਮ ਤੱਕ ਨਿਭਾਇਆ ਅਤੇ ਸੰਮਤ 1761 ਵਿੱਚ ਪੋਹ ਦੇ ਮਹੀਨੇ ਦੀ ਇੱਕ ਠਰੀ ਰਾਤ ਨੂੰ ਚਮਕੌਰ ਸਾਹਿਬ ਦੀ ਲੜਾਈ ਵਿੱਚ ਜੂਝਦੇ ਹੋਏ ਆਪਣੀ ਸ਼ਹਾਦਤ ਦੇ ਦਿੱਤੀ।

ਭਾਈ ਸਾਹਿਬ ਦੀ ਪਵਿੱਤਰ ਸ਼ਹਾਦਤ ਨੂੰ ਸਦੀਵੀਂ ਬਣਾਉਣ ਹਿੱਤ ਉੜੀਸਾ ਦੀ ਰਾਜਧਾਨੀ ਭੁਵਨੇਸ਼ਵਰ ਤੋਂ ਲੱਗਪਗ 65 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਪਿੰਡ ਬਲੀਆ ਪਾਂਡਾ (ਜਗਨਨਾਥ ਪੁਰੀ) ਵਿਖੇ ਇੱਕ ਹਰਿਆ-ਭਰਿਆ ਭਾਈ ਹਿੰਮਤ ਸਿੰਘ ਯਾਦਗਾਰੀ ਚਿਲਡਰਨ ਪਾਰਕ ਬਣਾਇਆ ਗਿਆ ਹੈ, ਜਿਸ ਦੀ ਹਰਿਆਵਲ ਮਨਮੋਹਕ ਹੋਣ ਦੇ ਨਾਲ਼ ਸਿਹਤਵਰਧਕ ਵੀ ਹੈ।








# ਉੱਠ ਜਾਗ! ਘੁਰਾੜੇ ਮਾਰ ਨਹੀਂ

ਅਜੀਤ ਸਿੰਘ ਚੰਦਨ
97818-05861

ਜਿਹੜੇ ਇਨਸਾਨ, ਸਵੇਰ ਹੋਣ ਤੋਂ ਪਹਿਲਾਂ ਹੀ ਜਾਗ ਪੈਂਦੇ ਹਨ ਤੇ ਨਹਾ ਧੋ ਕੇ, ਦਿਨ ਦੇ ਕੰਮ ਲਈ ਤਿਆਰ ਹੋ ਜਾਂਦੇ ਹਨ; ਉਹ ਜ਼ਿੰਦਗੀ ਵਿੱਚ ਹਮੇਸ਼ਾ ਕਾਮਯਾਬ ਹੁੰਦੇ ਹਨ। ਉਹ ਲੋਕ ਜ਼ਿੰਦਗੀ ਪ੍ਰਤੀ ਭੋਰਾ ਵੀ ਅਵੇਸਲੇ ਨਹੀਂ ਹੁੰਦੇ; ਸਗੋਂ ਹਰ ਵਕਤ ਕਿਸੇ ਵੀ ਕੰਮ ਨੂੰ ਕਰਨ ਲਈ ਤੱਤਪਰ ਹੁੰਦੇ ਹਨ। ਲਕਸ਼ਮੀ ਵੀ ਅਜਿਹੇ ਇਨਸਾਨਾਂ ਲਈ ਸਦਾ ਮਿਹਰਬਾਨ ਹੁੰਦੀ ਹੈ ਤੇ ਅਜਿਹੇ ਹਿੰਮਤੀ, ਇਨਸਾਨ, ਜ਼ਿੰਦਗੀ ਵਿੱਚ ਕਦੇ ਹਾਰਦੇ ਨਹੀਂ। ਜ਼ਿੰਦਗੀ ਦੇ ਹਰ ਕੰਮ ਨੂੰ ਵਕਤ ਸਿਰ ਕਰਨਾ, ਇਹਨਾਂ ਦਾ ਪਹਿਲਾ ਫ਼ਰਜ਼ ਹੁੰਦਾ ਹੈ।

ਕੁਦਰਤ ਵੀ ਸਵੇਰੇ ਜਾਗ ਪੈਂਦੀ ਹੈ। ਇਨਸਾਨ ਨੂੰ ਝੰਜੋੜ ਕੇ ਜਗਾਉਂਦੀ ਹੈ। ਜਦੋਂ ਕੋਈ ਪੰਛੀ, ਘਰ ਦੀ ਖਿੜਕੀ ਕੋਲ਼ ਆ ਕੇ, ਦਿਨ ਚੜ੍ਹਨ ਦਾ ਐਲਾਨ ਕਰਦਾ ਹੈ। ਚਿੜੀਆਂ ਚਹਿਕ ਕੇ ਆਪਣਾ ਰਾਗ ਸ਼ੁਰੂ ਕਰ ਦਿੰਦੀਆਂ ਹਨ ਤੇ ਦਿਨ ਚੜ੍ਹਨ ਦਾ ਐਲਾਨ ਕਰਦੀਆਂ ਹਨ।

ਸਵੇਰ-ਸਾਰ ਜਾਗ ਪੈਣਾ, ਅੱਧਾ ਕੰਮ ਨਿਪਟਾ ਦੇਣ ਦੇ ਬਰਾਬਰ ਹੁੰਦਾ ਹੈ। ਕਈ ਇਨਸਾਨ, ਸਵੇਰੇ ਸਾਜਰੇ ਉੱਠ ਕੇ, ਸੈਰ ਕਰਨ ਲਈ ਨਿਕਲਦੇ ਹਨ ਤੇ ਇੱਕ ਘੰਟਾ ਸੈਰ ਕਰਕੇ ਮੁੜਦੇ ਹਨ। ਅਜਿਹੇ ਇਨਸਾਨ ਦੀ ਸਿਹਤ ਕਦੇ ਵਿਗੜਦੀ ਨਹੀਂ? ਸਗੋਂ ਇਹ ਇਨਸਾਨ ਹਮੇਸ਼ਾ ਕੰਮ ਲਈ ਤਿਆਰ ਹੋ ਕੇ, ਨਿਸ਼ਚਿਤ ਸਮੇਂ ਤੇ ਘਰੋਂ ਨਿਕਲ ਪੈਂਦੇ ਹਨ। ਅਜਿਹੇ ਇਨਸਾਨ ਦਾ ਚਿਹਰਾ ਸਦਾ ਖਿੜ੍ਹਿਆ ਰਹਿੰਦਾ ਹੈ ਤੇ ਇਹ ਪੂਰੇ ਦਿਨ ਦਾ ਕੰਮ ਵੀ ਖ਼ੁਸ਼ੀ ਨਾਲ਼ ਨਿਪਟਾਉਂਦੇ ਹਨ।

ਸਵੇਰ ਦੇ ਸਮੇਂ ਨੂੰ ਗੁਰੂ ਸਹਿਬਾਨ ਨੇ ਵੀ ਪਵਿੱਤਰ ਮੰਨਿਆ ਹੈ, ਸਵੇਰ ਦੀ ਪਵਿੱਤਰ ਆਭਾ ਕਾਰਨ? ਮੰਦਰਾਂ ਵਿੱਚ ਘੰਟੀਆਂ ਖੜਕਣ ਲੱਗਦੀਆਂ ਹਨ ਤੇ ਪੁਜਾਰੀ ਸਵੇਰੇ ਸਾਜਰੇ ਜਾਗ ਕੇ ਭਜਨ ਗਾਉਂਦੇ ਹਨ। ਰੱਬ ਦੀ ਪੂਜਾ ਕਰਦੇ ਹਨ ਤੇ ਅੰਤਰ-ਧਿਆਨ ਹੋ ਕੇ ਲੋਕਾਈ ਦੀ ਭਲਾਈ ਲਈ ਸ਼ੁਭ-ਕਾਮਨਾ ਵੀ ਕਰਦੇ ਹਨ। ਸਿੱਖੀ ਨਾਲ਼ ਪਰਨਾਏ ਇਨਸਾਨ ਗੁਰੂਦੁਆਰੇ ਜਾ ਕੇ ਪ੍ਰਭੂ ਭਗਤੀ 'ਚ ਲੀਨ ਹੋ ਜਾਂਦੇ ਹਨ ਤੇ ਸਭਨਾਂ ਲਈ ਸ਼ੁਭ-ਇਛਾਵਾਂ ਮੰਗਦੇ ਹਨ। ਵਾਹਿਗੁਰੂ ਸਾਡੀ ਜ਼ਿੰਦਗੀ 'ਚ ਖ਼ੁਸ਼ੀਆਂ ਲਿਆਈਂ, ਸਾਡੀ ਕੀਤੀ ਕਮਾਈ 'ਚ ਬਰਕਤ ਪਾਈਂ ਤੇ ਸਾਡੀਆਂ ਝੋਲ਼ੀਆਂ ਸਦਾ ਭਰੀ ਰੱਖੀਂ।

ਸਵੇਰ ਦੇ ਪਵਿੱਤਰ ਸਮੇਂ ਨੂੰ ਨੀਂਦ ਵਿੱਚ ਗੜੂੰਦ ਹੋ ਕੇ ਗਵਾਉਣਾ ਨਹੀਂ ਚਾਹੀਦਾ। ਸਗੋਂ ਇਸਦਾ ਸਦ-ਉਪਯੋਗ ਕਰਕੇ, ਸਵੇਰ ਨੂੰ ਰੰਗਲਾ ਬਣਾ ਲੈਣਾ ਚਾਹੀਦਾ ਹੈ। ਪੁਰਾਣੇ ਸਮਿਆਂ ਵਿੱਚ ਲੋਕੀਂ ਸਵੇਰੇ ਜਾਗ ਕੇ ਹਲਟ ਜੋੜ ਲੈਂਦੇ ਸਨ ਤੇ ਸਵੇਰ-ਸਾਰ, ਟਿੰਡਾਂ ਵਿੱਚੋਂ ਪਵਿੱਤਰ ਪਾਣੀ ਦੀਆਂ ਧਾਰਾਂ ਪਰਨਾਲ਼ੇ ਰਾਹੀਂ ਵਗਕੇ ਖੇਤਾਂ ਨੂੰ ਸਿੰਜਦੀਆਂ ਸਨ। ਖੂਹ 'ਤੇ ਜੋੜੇ ਬਲਦਾਂ ਦੀਆਂ ਟੱਲੀਆਂ ਖੜ੍ਹਕਦੀਆਂ ਸਨ ਤੇ ਖੂਹ ਇੱਕ ਕ੍ਰਿਸ਼ਮਾ ਲੱਗਣ ਲੱਗ ਪੈਂਦਾ ਸੀ।

ਕਈ ਬਹੁਤੇ ਘੌਲ਼ੀ, ਮੂੰਹ ਨੰਗਾ ਕਰਕੇ, ਧੁੱਪ ਵੱਲ ਵੇਖਦੇ ਹਨ ਤੇ ਫਿਰ ਮੂੰਹ ਢਕ ਕੇ, ਹੋਰ ਢੋਂਕਾ ਲਾਉਣ ਦਾ ਮਨ ਬਣਾ ਲੈਂਦੇ ਹਨ ਕਿ ਅਜੇ ਉੱਠ ਕੇ ਕੀ ਕਰਨਾ ਹੈ? ਕੰਮ ਤਾਂ ਕੋਈ ਹੈ ਹੀ ਨਹੀਂ। ਅਜਿਹੇ ਇਨਸਾਨ ਤੋਂ ਕਦੇ ਕੋਈ ਉਮੀਦ ਨਹੀਂ ਹੁੰਦੀ ਕਿ ਉਹ ਜ਼ਿੰਦਗੀ ਵਿੱਚ ਕੋਈ ਮੁਹਾਰਤ ਪਾ ਸਕਣਗੇ ਜਾਂ ਜ਼ਿੰਦਗੀ ਵਿੱਚ ਕੋਈ ਕੰਮ ਕਰਨਗੇ ਜਾਂ ਕਿ ਉਂਞ ਹੀ ਸਾਰੀ ਜ਼ਿੰਦਗੀ ਅਜਾਈਂ ਗੁਆ ਲੈਣਗੇ। ਅਜਿਹੇ ਆਲਸੀ ਇਨਸਾਨ ਇੰਞ ਪਏ-ਪਏ ਅੱਧਾ ਦਿਨ ਗਵਾ ਲੈਂਦੇ ਹਨ। ਫਿਰ ਬਾਕੀ ਦੇ ਅੱਧੇ ਦਿਨ ਲਈ ਵੀ ਉਹਨਾਂ ਵਿੱਚ ਕੋਈ ਉਤਸ਼ਾਹ ਨਹੀਂ ਹੁੰਦਾ। ਉਹਨਾਂ ਦੇ ਘਰਦੇ ਹਾਕਾਂ ਮਾਰਦੇ ਥੱਕ ਜਾਂਦੇ ਹਨ ਕਿ ਉੱਠ ਭਾਈ ਸਵੇਰ ਹੋ ਗਈ ਹੈ, ਪਰ ਉਹ ਦੜ ਵੱਟੀਂ ਪਏ ਰਹਿੰਦੇ ਹਨ। ਮਾਂ-ਬਾਪ ਵੀ ਹਾਕਾਂ ਮਾਰਦੇ ਥੱਕ ਜਾਂਦੇ ਹਨ, ਪਰ ਉਹਨਾਂ ਆਲਸੀ ਤੇ ਨਿਕੰਮੇ ਲੋਕਾਂ ਦੇ ਸਿਰ 'ਤੇ ਜੂੰ ਤੱਕ ਨਹੀਂ ਸਰਕਦੀ। ਅਜਿਹੇ ਆਲਸੀ ਲੋਕਾਂ ਲਈ ਹੀ ਕਦੇ ਕਿਸੇ ਕਵੀ ਨੇ ਇਹ ਸਤਰਾਂ ਲਿਖੀਆਂ ਸਨ:

ਉੱਠ ਜਾਗ ਘੁਰਾੜੇ ਮਾਰ ਨਹੀਂ,
ਇਹ ਸੌਣ ਤੇਰੇ ਦਰਕਾਰ ਨਹੀਂ।

ਕਾਂਤਾ ਸ਼ਰਮਾ
97818-79362



# ਕੇਕੜੇ ਦੀ ਸਿਆਣਪ

ਇੱਕ ਪਿੰਡ ਦੇ ਨੇੜੇ ਇੱਕ ਵੱਡਾ ਤਾਲਾਬ ਸੀ। ਉਸ ਵਿੱਚ ਕਈ ਕਿਸਮਾ ਦੇ ਜਲ-ਜੀਵ ਵਾਸ ਕਰਦੇ ਸਨ। ਸਭ ਮਿਲ-ਜੁਲ ਕੇ ਰਹਿੰਦੇ ਸਨ। ਇੰਨ੍ਹਾ ਜੀਵਾਂ 'ਚ ਮੱਛੀਆਂ, ਕੱਛੂ-ਕੁੰਮੇ ਤੇ ਕੇਕੜੇ ਵੀ ਸਨ। ਇੱਕ ਬਗਲਾ ਵੀ ਨੇੜੇ ਦੇ ਇੱਕ ਰੁੱਖ ਤੇ ਰਹਿੰਦਾ ਸੀ। ਬੜੇ ਚਿਰ ਤੋਂ ਇਹੀ ਉਸਦਾ ਨਿਵਾਸ ਸਥਾਨ ਸੀ, ਕਿਉਂਕਿ ਪੇਟ ਭਰਨ ਲਈ ਮੱਛੀਆਂ ਉਸੇ ਤਾਲਾਬ ਤੋਂ ਮਿਲ ਜਾਂਦੀਆਂ ਸਨ, ਪਰ ਹੁਣ ਉਹ ਅਕਸਰ ਪ੍ਰੇਸ਼ਾਨ ਰਹਿੰਦਾ ਸੀ, ਕਿਉਂਕਿ ਬੁੱਢਾ ਹੋ ਜਾਣ ਕਰਕੇ ਉਹ ਪੇਟ ਭਰਨ ਜੋਗੀਆਂ ਮੱਛੀਆਂ ਫੜਨ ਤੋਂ ਅਸਮਰਥ ਸੀ। ਉਹ ਘੰਟਿਆਂ ਬੱਧੀ ਤਲਾਅ ਦੇ ਕਿਨਾਰੇ 'ਤੇ ਖੜ੍ਹਾ ਰਹਿੰਦਾ, ਕੋਈ ਛੋਟੀ ਮੱਛੀ ਉਸ ਕੋਲ਼ੋਂ ਲੰਘਦੀ ਤਾਂ ਉਸੇ ਨੂੰ ਪਕੜ ਕੇ ਖਾ ਲੈਂਦਾ। ਕਈ ਵਾਰੀ ਉਸਨੂੰ ਭੁਖਿਆਂ ਹੀ ਰਹਿਣਾ ਪੈਂਦਾ ਸੀ। ਉਸਨੂੰ ਇਹੋ ਚਿੰਤਾ ਸਤਾਉਂਦੀ ਰਹਿੰਦੀ ਕਿ ਭਵਿੱਖ ਵਿੱਚ ਉਸਦਾ ਕੀ ਬਣੇਗਾ।

ਇੱਕ ਦਿਨ ਉਹ ਇਨ੍ਹਾ ਹੀ ਸੋਚਾਂ 'ਚ ਡੁੱਬਿਆ ਪਾਣੀ ਦੇ ਕਿਨਾਰੇ ਇੱਕ ਲੱਤ ਦੇ ਭਾਰ ਖੜ੍ਹਾ ਸੀ ਕਿ ਇੱਕ ਕੇਕੜਾ ਉਹਦੇ ਕੋਲੋਂ ਲੰਘਿਆ। ਉਸ ਨੂੰ ਉਦਾਸ ਦੇਖ ਕੇ ਉਸਨੇ ਪੁੱਛਿਆ, "ਕਿਉਂ ਬਗਲੇ ਭਰਾ, ਕਿਸ ਚਿੰਤਾ 'ਚ ਹੋ?" ਬਗਲੇ ਨੂੰ ਪਹਿਲਾਂ ਤਾਂ ਕੋਈ ਜਵਾਬ ਨਾ ਸੁਝਿਆ, ਫਿਰ ਉਸਨੂੰ ਇੱਕ ਫੁਰਨਾ-ਫੁਰਿਆ। ਉਹਨੇ ਨੀਵੀਂ ਸੁਰ 'ਚ ਚਿੰਤਾਤੁਰ ਹੋ ਕੇ ਕਿਹਾ, "ਕੀ ਦੱਸਾਂ ਛੋਟੇ ਭਾਈ! ਸਾਡੇ ਸਾਰਿਆਂ 'ਤੇ ਬੜੀ ਬਿਪਤਾ ਆਉਣ ਵਾਲ਼ੀ ਹੈ।" ਕੇਕੜਾ ਹੈਰਾਨ ਹੋਇਆ ਤੇ ਫਿਰ ਕਾਹਲ਼ੀ ਨਾਲ਼ ਪੁੱਛਿਆ, "ਕਿਹੀ ਬਿਪਤਾ, ਬਗਲੇ ਭਾਈ!" ਬਸ ਪੁੱਛ ਨਾ ਬਿਪਤਾ ਵਰਗੀ ਬਿਪਤਾ ਕਿ ਕੱਲ੍ਹ ਪਿੰਡ ਦਾ ਸਰਪੰਚ ਤੇ ਪੰਚ ਇੱਥੋਂ ਦੀ ਲੰਘੇ ਤਾਂ ਗੱਲਾਂ ਕਰਦੇ ਜਾ ਰਹੇ ਸਨ ਕਿ ਇਸ ਤਲਾਅ ਨੂੰ ਜਲਦੀ ਹੀ ਮਿੱਟੀ ਨਾਲ਼ ਪੂਰ ਕੇ ਪੱਧਰ ਕਰ ਦਿਆਂਗੇ। ਦੋ ਕੁ ਬਰਸਾਤਾਂ ਬਾਅਦ ਵਧੀਆ ਘਾਹ ਹੋ ਜਾਏਗਾ ਤੇ ਪਿੰਡ ਦੇ ਨੇੜੇ ਹੀ ਵਧੀਆ ਚਰਾਂਦ ਬਣ ਜਾਏਗੀ। ਮੈਂ ਤਾਂ ਸੁਣ ਕੇ ਜਿਵੇਂ ਸੁੰਨ ਹੋ ਗਿਆ, ਹੁਣ ਕੀ ਕਰੀਏ?" ਬਗਲੇ ਦੀ ਗੱਲ ਸੁਣ ਕੇਕੜਾ ਵੀ ਫ਼ਿਕਰਾਂ 'ਚ ਪੈ ਗਿਆ। ਉਹਨੇ ਇਹ ਗੱਲ ਤਲਾਅ ਦੀਆਂ ਮੱਛੀਆਂ ਨੂੰ ਦੱਸੀ।

ਸਾਰੇ ਤਲਾਅ ਵਿੱਚ ਇੱਕ ਹੰਗਾਮਾ ਮਚ ਗਿਆ। ਸਭ ਇਹੋ ਗੱਲਾਂ ਕਰ ਰਹੇ ਸਨ। ਮੱਛੀਆਂ ਕੁਝ ਸੋਚ ਵਿਚਾਰ ਕੇ ਬਗਲੇ ਕੋਲ਼ ਆਈਆਂ ਤੇ ਕਹਿਣ ਲੱਗੀਆਂ, "ਬਗਲੇ ਭਰਾ, ਤੁਸੀਂ ਇਸ ਸੰਕਟ ਤੋਂ ਜਾਣੂ

ਕਰਾਇਆ ਹੈ। ਇਸ ਤੋਂ ਬਚਣ ਦਾ ਉਪਾਅ ਵੀ ਤੁਸੀਂ ਹੀ ਦੱਸ ਸਕਦੇ ਹੋ। ਤੁਸੀਂ ਸਭ ਤੋਂ ਸਿਆਣੇ ਤੇ ਅਨੁਭਵੀ ਹੋ।'' ਆਪਣੀ ਪ੍ਰਸ਼ੰਸਾ ਸੁਣ ਕੇ ਬਗਲਾ ਖ਼ੁਸ਼ ਹੋ ਗਿਆ, ਪਰ ਲਾਚਾਰੀ ਦਾ ਨਾਟਕ ਕਰਦੇ ਹੋਏ ਕਹਿਣ ਲੱਗਾ, ''ਮੈਂ ਕੀ ਕਰ ਸਕਦਾ ਹਾਂ।'' ''ਕੋਈ ਨਾ ਕੋਈ ਢੰਗ-ਤਰੀਕਾ ਤਾਂ ਹੋਵੇਗਾ ਹੀ। ਸਾਨੂੰ ਤਾਂ ਰੱਬ ਨੇ ਨਾ ਪੈਰ ਦਿੱਤੇ ਹਨ ਤੇ ਨਾ ਹੀ ਖ਼ੰਭ। ਸਾਡੇ ਬਾਰੇ ਕੁਝ ਤਾਂ ਸੋਚੋ।'' ਮੱਛੀਆਂ ਨੇ ਮਿੰਨਤ ਨਾਲ਼ ਕਿਹਾ। ਬਿਜਲੀ ਦੀ ਤੇਜ਼ੀ ਨਾਲ਼ ਇੱਕ ਵਿਚਾਰ ਬਗ਼ਲੇ ਦੇ ਦਿਮਾਗ਼ 'ਚ ਲਿਸ਼ਕ ਪਿਆ।

''ਹਾਂ ਇੱਕ ਕੰਮ ਕਰ ਸਕਦਾ ਹਾਂ। ਇਸ ਪਹਾੜੀ ਤੋਂ ਪਾਰ ਇਸਤੋਂ ਵੀ ਵੱਡਾ ਤਲਾਬ ਹੈ। ਮੈਂ ਤੁਹਾਨੂੰ ਚੁੰਝ ਵਿੱਚ ਫੜਕੇ ਉਡਦਾ ਹੋਇਆ, ਉਸ ਤਲਾਬ ਵਿੱਚ ਛੱਡ ਆਉਂਦਾ ਹਾਂ। ਜਿੰਨੀਆਂ ਕੁ ਮੇਰੀ ਚੁੰਝ ਵਿੱਚ ਆਉਂਦੀਆਂ ਹਨ। ਉਨ੍ਹਾ ਨੂੰ ਲੈ ਜਾਂਦਾ ਹਾਂ। ਵਾਰੀ-ਵਾਰੀ ਸਭ ਨੂੰ ਉਸ ਤਲਾਅ ਵਿੱਚ ਛੱਡ ਆਵਾਂਗਾ।'' ਮੱਛੀਆਂ ਖ਼ੁਸ਼ ਹੋ ਗਈਆਂ, ਸਭ ਤੋਂ ਪਹਿਲਾਂ ਜਾਣ ਲਈ ਧੱਕਾ-ਮੁੱਕੀ ਸ਼ੁਰੂ ਹੋ ਗਈ। ਬਗਲੇ ਨੇ ਤਿੰਨ-ਚਾਰ ਮੱਛੀਆਂ ਆਪਣੀ ਚੁੰਝ 'ਚ ਫਸਾਈਆਂ। ਉਨ੍ਹਾ ਨੂੰ ਲੈ ਕੇ ਉੱਡ ਗਿਆ। ਥੋੜ੍ਹੀ ਦੇਰ ਬਾਅਦ ਉਹ ਇੱਕ ਚਟਾਨ 'ਤੇ ਉਤਰਿਆ, ਮੱਛੀਆਂ ਨੂੰ ਚੱਟਾਨ ਤੇ ਰੱਖਿਆ ਤੇ ਇੱਕ-ਇੱਕ ਕਰਕੇ ਸਭ ਨੂੰ ਚੱਟ ਕਰ ਗਿਆ। ਇਸ ਤਰ੍ਹਾਂ ਉਸਨੇ ਕਈ ਚੱਕਰ ਲਗਾਏ। ਬਗਲੇ ਦੀ ਮੌਜ ਲਗ ਗਈ। ਪਹਿਲਾਂ ਉਹ ਸ਼ਿਕਾਰ ਲੱਭਦਾ ਸੀ, ਹੁਣ ਸ਼ਿਕਾਰ ਆਪ ਚੱਲ ਕੇ ਉਸ ਕੋਲ਼ ਆਉਣ ਲੱਗਾ। ਹਫ਼ਤਾ ਕੁ ਇਸੇ ਤਰ੍ਹਾਂ ਚੱਲਦਾ ਰਿਹਾ। ਭੁੱਖੇ ਮਰ ਰਹੇ ਬਗਲੇ ਨੂੰ ਭਰ ਪੇਟ ਮੱਛੀਆਂ ਮਿਲਣ ਲੱਗੀਆਂ ਤਾਂ ਉਸਦੇ ਖ਼ੰਭਾਂ 'ਚ ਜਾਨ ਤੇ ਉਡਾਨ 'ਚ ਫੁਰਤੀ ਆ ਗਈ। ਹੁਣ ਤਲਾਬ 'ਚ ਮੱਛੀਆਂ ਦੀ ਗਿਣਤੀ ਘੱਟ ਹੋ ਗਈ ਸੀ। ਸੋ ਕੇਕੜੇ ਨੇ ਹਿੰਮਤ ਕਰਕੇ ਬਗਲੇ ਨੂੰ ਕਿਹਾ, ''ਬਗਲੇ ਭਰਾ, ਤੂੰ ਕਿੰਨੀਆਂ ਮੱਛੀਆਂ ਨੂੰ ਦੂਜੇ ਤਲਾਬ ਤੱਕ ਛੱਡ ਚੁੱਕਿਐ ਹੈਂ। ਤੇਰੇ ਤੇ ਸਾਡਾ ਵੀ ਕੁਝ ਹੱਕ ਹੈ। ਇਓਂ ਕਰ ਅੱਜ ਮੈਨੂੰ ਉਸ ਤਲਾਬ ਤੱਕ ਛੱਡ ਆ। ਤੇਰਾ ਅਹਿਸਾਨ ਮੰਨਾਂਗਾ।'' ਬਗਲੇ ਨੇ ਮਨ 'ਚ ਸੋਚਿਆ, ''ਕਈ ਦਿਨਾਂ ਤੋਂ ਮੱਛੀਆਂ ਖਾ-ਖਾ ਅੱਕ ਗਿਆ ਹਾਂ। ਚੱਲੋ ਅੱਜ ਕੇਕੜਾ ਖਾਣ ਨੂੰ ਮਿਲੇਗਾ ਜਰਾ, ਮੂੰਹ ਦਾ ਸੁਆਦ ਬਦਲੇਗਾ।''

ਉਸਨੇ ਇਕੱਲੇ ਕੇਕੜੇ ਨੂੰ ਚੁੰਝ 'ਚ ਜਕੜਿਆ ਤੇ ਉੱਡ ਗਿਆ। ਥੋੜ੍ਹੀ ਦੇਰ ਬਾਅਦ ਕੇਕੜੇ ਨੂੰ ਲੱਗਾ ਕਿ ਬਗਲਾ ਕਿਧਰੇ ਗ਼ਲਤ ਰਸਤੇ ਜਾ ਰਿਹਾ ਹੈ। ਉਹ ਕਿਸੇ ਅਣਹੋਣੀ ਦੇ ਡਰ ਤੋਂ ਸਹਿਮ ਗਿਆ ਤੇ ਬੋਲਿਆ, ''ਬਗਲੇ ਭਰਾ, ਮੈਨੂੰ ਲੱਗਦੈ ਤੂੰ ਰਾਹ ਭੁੱਲ ਗਿਐਂ। ਮੈਨੂੰ ਤਾਂ ਦੂਰ ਤੱਕ ਇੱਥੇ ਕੋਈ ਤਲਾਬ ਨਜ਼ਰ ਨਹੀਂ ਆਉਂਦਾ। ਤੂੰ ਮੱਛੀਆਂ ਨੂੰ ਕਿੱਥੇ ਛੱਡ ਕੇ ਆਇਆ ਏਂ?'' ਬਗਲਾ ਕੁਝ ਨਹੀਂ ਬੋਲਿਆ, ਉਹ ਚੁੱਪਚਾਪ ਇੱਕ ਚੱਟਾਨ 'ਤੇ ਉਤਰਿਆ। ਕੇਕੜੇ ਨੇ ਦੇਖਿਆ, ਉੱਥੇ ਮੱਛੀਆਂ ਦੀਆਂ ਹੱਡੀਆਂ ਦੇ ਢੇਰ ਪਏ ਸਨ। ਕੇਕੜਾ ਉਸਦੀ ਸ਼ੈਤਾਨੀ ਸਮਝ ਗਿਆ। ਉਸਨੂੰ ਬੜਾ ਗੁੱਸਾ ਆਇਆ। ਉਸਨੇ ਆਪਣੇ ਗੰਡਾਸੀ ਵਰਗੇ ਪੰਜੇ ਬਗਲੇ ਦੀ ਗਰਦਨ ਦੁਆਲ਼ੇ ਕੱਸ ਲਏ, ਆਪਣੇ ਤਿੱਖੇ ਨਹੁੰ ਪੂਰੇ ਜ਼ੋਰ ਨਾਲ਼ ਖੋਭ ਦਿੱਤੇ। ਬਗਲੇ ਨੇ ਗਰਦਨ ਛੁਡਾਉਣ ਦੀ ਬੜੀ ਕੋਸ਼ਿਸ਼ ਕੀਤੀ, ਪਰ ਕੇਕੜੇ ਨੇ ਉਹਦੀ ਗਰਦਨ ਉਦੋਂ ਤੱਕ ਨਹੀਂ ਛੱਡੀ ਜਦੋਂ ਤੱਕ ਉਹ ਧੜ ਨਾਲ਼ੋਂ ਅੱਡ ਨਹੀਂ ਹੋਈ। ਕੇਕੜਾ ਕਿਸੇ ਨਾ ਕਿਸੇ ਤਰ੍ਹਾਂ ਆਪਣੇ ਆਪ ਨੂੰ ਬਗਲੇ ਦੀ ਗਰਦਨ ਨੂੰ ਘਸੀਟਦਾ ਤਲਾਅ ਤੱਕ ਲੈ ਆਇਆ।

ਸਾਹੋ-ਸਾਹ ਹੋਏ ਕੇਕੜੇ ਨੂੰ ਮੱਛੀਆਂ ਪੁੱਛਣ ਲੱਗੀਆਂ ਕਿ ਬਗਲਾ ਕਿੱਧਰ ਗਿਆ, ਉਹ ਕਿਉਂ ਨਹੀਂ ਆਇਆ ਤਾਂ ਕੇਕੜੇ ਨੇ ਕਿਹਾ, ''ਬਗਲਾ ਤਾਂ ਨਹੀਂ, ਹਾਂ ਉਸਦਾ ਸਿਰ ਲੈ ਆਇਆ ਹਾਂ।'' ਫਿਰ ਉਸਨੇ ਮੱਛੀਆਂ ਨੂੰ ਬਗਲੇ ਦੀ ਧੋਖੇਬਾਜ਼ੀ ਬਾਰੇ ਦੱਸਿਆ। ਇਹ ਸੁਣ ਕੇ ਮੱਛੀਆਂ ਦਾ ਤ੍ਰਾਹ ਨਿਕਲ ਗਿਆ। ਫਿਰ ਉਨ੍ਹਾ ਸੁਖ ਦਾ ਸਾਹ ਲਿਆ ਕਿ ਉਨ੍ਹਾ ਦੀ ਜਾਨ ਬਚ ਗਈ। ਬਗਲੇ ਨੂੰ ਆਪਣੇ ਕੀਤੇ ਦੀ ਸਜ਼ਾ ਮਿਲ ਗਈ ਸੀ। ਤਲਾਬ ਦੇ ਸਾਰੇ ਜਾਨਵਰ ਫਿਰ ਮਿਲ ਜੁਲ ਕੇ ਸ਼ਾਂਤੀ ਨਾਲ਼ ਰਹਿਣ ਲੱਗੇ।

ਪ੍ਰੋ.ਨਵ ਸੰਗੀਤ ਸਿੰਘ
94176-92015



# ਟਿਊਸ਼ਨ ਦੀ ਇੱਕ ਯਾਦ

ਅੱਜ ਤੋਂ ਕਰੀਬ ਚਾਲੀ ਸਾਲ ਪਹਿਲਾਂ ਦੀ ਗੱਲ ਹੈ। ਮੇਰੀ ਬਤੌਰ ਪੰਜਾਬੀ ਲੈਕਚਰਾਰ ਪਹਿਲੀ ਨਿਯੁਕਤੀ ਗੌਰਮਿੰਟ ਕਾਲਜ ਕਰਨਾਲ ਵਿੱਚ ਹੋਈ। ਮੈਂ ਕਾਫ਼ੀ ਸਮਾਂ ਬੱਸ ਰਾਹੀਂ ਪਟਿਆਲਾ ਤੋਂ ਕਰਨਾਲ ਰੋਜ਼ਾਨਾ ਆਉਣ-ਜਾਣ ਕਰਦਾ ਰਿਹਾ। ਫਿਰ ਕਿਰਾਏ 'ਤੇ ਕਮਰਾ ਲੈ ਕੇ ਕਰਨਾਲ ਰਹਿਣਾ ਸ਼ੁਰੂ ਕਰ ਦਿੱਤਾ। ਮਕਾਨ-ਮਾਲਕ ਬਹੁਤ ਚੰਗੇ ਸਨ। ਉਨ੍ਹਾਂ ਨੇ ਮੈਨੂੰ ਮੰਜਾ-ਬਿਸਤਰਾ ਵੀ ਦਿੱਤਾ ਅਤੇ ਹਰ ਰੋਜ਼ ਸਵੇਰ ਦੀ ਚਾਹ ਵੀ। ਕਿਰਾਇਆ ਸਿਰਫ਼ ਕਮਰੇ ਦਾ ਹੀ ਲੈਂਦੇ ਸਨ। ਉਦੋਂ ਪੀ.ਜੀ. ਦਾ ਯੁਗ ਨਹੀਂ ਸੀ ਆਇਆ। ਮੈਂ ਹਰ ਛੁੱਟੀ ਅਤੇ ਸ਼ਨੀਵਾਰ ਨੂੰ ਪਟਿਆਲਾ ਚਲਾ ਜਾਂਦਾ ਸਾਂ।

ਹਰਿਆਣਾ ਵਿੱਚ ਪੰਜਾਬੀ ਦੀ ਸਥਿਤੀ ਠੀਕ ਹੀ ਸੀ, ਕੋਈ ਬਹੁਤੀ ਚੰਗੀ ਨਹੀਂ ਸੀ। ਇੱਕ ਦਿਨ ਕਿਸੇ ਲੜਕੀ ਦੇ ਪਿਤਾ ਨੇ ਮੇਰੇ ਕੋਲ਼ ਪਹੁੰਚ ਕੀਤੀ ਕਿ ਮੈਂ ਉਹਨੂੰ ਟਿਊਸ਼ਨ ਪੜ੍ਹਾ ਦਿਆ ਕਰਾਂ। ਉਹਨੇ ਗਿਆਨੀ ਦੀ ਪਰੀਖਿਆ ਦੇਣੀ ਸੀ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ। ਲੜਕੀ ਕਾਲਜ ਦੀ ਵਿਦਿਆਰਥਣ ਨਹੀਂ ਸੀ। ਮੈਂ ਕਦੇ ਟਿਊਸ਼ਨ ਨਹੀਂ ਸੀ ਕੀਤੀ ਤੇ ਨਾ ਹੀ ਇਸ ਝੰਜਟ ਵਿੱਚ ਪੈਣਾ ਚਾਹੁੰਦਾ ਸਾਂ। ਮੈਂ ਇਸ ਸ਼ਹਿਰ ਵਿੱਚ ਨਵਾਂ ਸਾਂ ਤੇ ਉੱਤੋਂ ਲੜਕੀ ਨੂੰ ਪੜ੍ਹਾਉਣਾ.....ਮੈਂ ਪਹਿਲਾਂ ਤਾਂ ਬੜੀ ਨਾਂਹ-ਨੁੱਕਰ ਕੀਤੀ, ਪਰ ਜਦੋਂ ਉਹ ਨਾ ਮੰਨੇ ਤਾਂ ਮੈਂ ਔਖੀਆਂ ਸ਼ਰਤਾਂ ਰੱਖ ਦਿੱਤੀਆਂ ਕਿ ਆਪੇ ਇਨਕਾਰ ਕਰ ਦੇਣਗੇ। ਮੈਂ ਉਨ੍ਹਾਂ ਨੂੰ ਦੱਸਿਆ ਕਿ ਮੈਂ ਸਿਰਫ਼ ਕੰਮ ਵਾਲ਼ੇ ਦਿਨ ਹੀ ਪੜ੍ਹਾਵਾਂਗਾ, ਛੁੱਟੀ ਵਿੱਚ ਨਹੀਂ; ਇੱਕ ਘੰਟਾ ਹੀ ਪੜ੍ਹਾਵਾਂਗਾ; ਸਿਲੇਬਸ ਸਾਰਾ ਕਰਵਾਵਾਂਗਾ, ਭਾਵੇਂ ਇੱਕ ਮਹੀਨੇ ਵਿੱਚ ਹੀ ਮੁੱਕ ਜਾਵੇ ਤੇ ਟਿਊਸ਼ਨ ਫ਼ੀਸ ਹੋਵੇਗੀ 5000 ਰੁਪਏ, ਉੱਕਾ-ਪੁੱਕਾ। ਇਹ ਸ਼ਰਤਾਂ ਦੱਸ ਕੇ ਅਸਲ ਵਿੱਚ ਮੈਂ ਟਿਊਸ਼ਨ ਤੋਂ ਖਹਿੜਾ ਛੁਡਾਉਣਾ ਚਾਹੁੰਦਾ ਸਾਂ, ਪਰ ਉਨ੍ਹਾਂ ਨੇ ਖ਼ੁਸ਼ੀ ਨਾਲ਼ ਇਹ ਗੱਲਾਂ ਪ੍ਰਵਾਨ ਕਰ ਲਈਆਂ। ਉਨ੍ਹਾਂ ਦੀ ਇੱਕੋ ਮੰਗ ਸੀ ਕਿ ਮੈਂ ਉਨ੍ਹਾਂ ਦੇ ਘਰ ਜਾ ਕੇ ਪੜ੍ਹਾਵਾਂ। ਮੈ ਇਹ ਸ਼ਰਤ ਮੰਨ ਲਈ।

ਸ਼ਾਮ ਨੂੰ ਮੈਂ 4 ਤੋਂ 5 ਵਜੇ ਤੱਕ ਲੜਕੀ ਨੂੰ ਪੜ੍ਹਾਉਣ ਉਹਦੇ ਘਰ ਜਾਂਦਾ। ਟਿਊਸ਼ਨ ਦੌਰਾਨ ਮੈਨੂੰ ਚਾਹ ਤੇ ਬਿਸਕੁਟ ਮਿਲਦੇ। ਲੜਕੀ ਨੇ ਸਿਰਫ਼ ਮੈਟ੍ਰਿਕ ਕੀਤੀ ਸੀ ਤੇ ਪੜ੍ਹਾਈ ਵਿੱਚ ਵੀ ਕੋਈ ਬਹੁਤੀ ਹੁਸ਼ਿਆਰ ਨਹੀਂ ਸੀ। ਮੈਂ ਮਸਾਂ ਦੋ ਕੁ ਮਹੀਨੇ ਵਿੱਚ ਹੀ ਸਿਲੇਬਸ ਖ਼ਤਮ ਕਰ ਦਿੱਤਾ। ਟਿਊਸ਼ਨ ਫ਼ੀਸ ਮੈਂ ਅੱਧ-ਵਿੱਚਾਲੇ ਜਿਹੇ ਲੈ ਲਈ ਸੀ। ਮੈਨੂੰ ਨਹੀਂ ਸੀ ਜਾਪਦਾ ਕਿ ਲੜਕੀ ਗਿਆਨੀ ਕਰ ਜਾਵੇਗੀ, ਪਰ ਆਪਣੀ ਲਗਨ ਤੇ ਮਿਹਨਤ ਨਾਲ਼ ਉਹਨੇ ਪਰੀਖਿਆ ਪਾਸ ਕਰ ਲਈ। ਮੈਂ ਕਰਨਾਲ ਤੋਂ ਨੌਕਰੀ ਛੱਡ ਦਿੱਤੀ ਸੀ ਪਰ ਉਸ ਲੜਕੀ ਦੇ ਪਿਤਾ ਨੇ ਮੇਰਾ ਪਟਿਆਲੇ ਦਾ ਰਿਹਾਇਸ਼ ਪਤਾ ਕੀਤਾ ਅਤੇ ਮੇਰਾ ਧੰਨਵਾਦ ਕਰਨ ਉੱਥੇ ਆਇਆ, ਨਾਲ਼ ਹੀ ਮੈਨੂੰ ਬਰਫ਼ੀ ਦਾ ਡੱਬਾ ਵੀ ਦੇ ਕੇ ਗਿਆ।

ਜਸਬੀਰ ਭੁੱਲਰ



# ਥੇਹ

ਕਾਂਡ-1



ਜਸਵੀਰ ਸਿੰਘ ਭੁੱਲਰ ਪੰਜਾਬੀ ਸਾਹਿਤ ਵਿੱਚ ਜਾਣਿਆ ਪਹਿਚਾਣਿਆ ਨਾਮ ਹੈ। ਬਹੁਤ ਸਾਰੀਆਂ ਪੁਸਤਕਾਂ ਦੀ ਰਚਨਾ ਕਰ ਚੁੱਕੇ ਹਨ। ਸਾਹਿਤ ਅਕਾਦਮੀ ਪੁਰਸਕਾਰ ਵਿਜੈਤਾ ਹਨ। ਪੰਜਾਬੀ ਤੋਂ ਇਲਾਵਾ ਹੋਰ ਵੱਖਰੀਆਂ ਭਾਸਾਵਾਂ ਵਿੱਚ ਵੀ ਸਾਹਿਤ ਰਚਨਾ ਕੀਤੀ। ਅਨੁਵਾਦ ਅਤੇ ਖੋਜ ਭਰਪੂਰ ਕੰਮ ਵੀ ਉੱਤਮ ਦਰਜੇ ਦਾ ਹੈ। ਭਾਸ਼ਾ ਵਿਭਾਗ ਪੰਜਾਬ ਵੱਲੋਂ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਹਾਸਲ ਕਰ ਚੁੱਕੇ ਹਨ। ਪੰਖੜੀਆਂ ਦੇ ਪਾਠਕਾਂ ਲਈ ਜੂਨ ਮਹੀਨੇ ਤੋਂ ਉਨ੍ਹਾ ਦਾ ਨਵਾਂ ਬਾਲ ਨਾਵਲ 'ਥੇਹ' ਸ਼ੁਰੂ ਕਰ ਰਹੇ ਹਾਂ।

---

ਤਰਾਈ ਦੀ ਹਰਿਆਵਲ ਵਿੱਚ ਘੁੱਗ ਵੱਸਦਾ ਉਹ ਪਿੰਡ ਆਮ ਪਿੰਡਾਂ ਵਾਂਗੂ ਨਹੀਂ ਸੀ।

ਉਹ ਪਿੰਡ ਜਿਵੇਂ ਕਿਸੇ ਉਬੜ-ਖਾਬੜ ਪਹਾੜ ਉੱਤੇ ਵੱਸਿਆ ਹੋਇਆ ਸੀ। ਪਿੰਡ ਦੀਆਂ ਗ਼ਲੀਆਂ ਕਦੀ ਚੜ੍ਹਾਈ-ਚੜ੍ਹਨ ਲੱਗ ਪੈਂਦੀਆਂ ਤੇ ਕਦੀ ਨਿਵਾਣ ਵੱਲ ਤੁਰ ਪੈਂਦੀਆਂ।

ਪੁਰਾਣੇ ਲੋਕ ਦੱਸਦੇ, ਉਹ ਪਿੰਡ ਕਈ ਵਾਰ ਉਜੜ ਕੇ ਮੁੜ ਵੱਸਿਆ ਸੀ।

ਉਸ ਪਿੰਡ ਦਾ ਨਾਂ ਪਹਿਲੋਂ ਕੁਝ ਹੋਰ ਹੁੰਦਾ, ਫੇਰ ਆਪਣੇ ਹੀ ਮਲਬੇ ਉੱਤੇ ਵਸੇ ਹੋਏ ਪਿੰਡ ਦਾ ਨਾਂ ਥੇਹ ਹੋ ਗਿਆ।

ਜਦੋਂ ਆਖ਼ਰੀ ਵਾਰ ਉਹ ਪਿੰਡ ਢਹਿ-ਢੇਰੀ ਹੋਇਆ ਸੀ, ਉਹ ਵਰ੍ਹਾ 1947 ਦਾ ਸੀ।

ਮੁਲਕ ਦੋਫ਼ਾੜ ਹੋਇਆ ਸੀ ਤੇ ਦੋਫ਼ਾੜ ਹੋਏ ਨੇ ਇੱਕ ਹੋਰ ਮੁਲਕ ਨੂੰ ਜਨਮ ਦੇ ਦਿੱਤਾ ਸੀ।

ਉਹ ਵਰ੍ਹਾ ਖ਼ੂਨ-ਖ਼ਰਾਬੇ ਨਾਲ਼ ਪੂਰਾ ਲਿਬੜ ਗਿਆ ਸੀ। ਲੋਕ ਜਿਵੇਂ ਅਚਾਨਕ ਪਾਗ਼ਲ ਹੋ ਗਏ ਹੋਣ। ਉਹਨਾਂ ਨੂੰ ਆਪਣਿਆਂ ਦੀ ਪਛਾਣ ਵੀ ਭੁੱਲ ਗਈ ਸੀ। ਉਹ ਇੱਕ-ਦੂਜੇ ਦੇ ਘਰ ਲੁੱਟਣ ਲੱਗ ਪਏ ਸਨ, ਇੱਕ-ਦੂਜੇ ਨੂੰ ਮਾਰਨ ਲੱਗ ਪਏ ਸਨ।

ਉਦੋਂ ਅਣਗਿਣਤ ਲੋਕ ਬੇਘਰ ਹੋ ਗਏ ਸਨ, ਅਣਗਿਣਤ ਲੋਕ ਮਾਰੇ ਗਏ ਸਨ।

ਲੁੱਟ ਦੀ ਭੁੱਖ ਮੁੱਕੀ ਨਹੀਂ ਸੀ। ਘਰ ਖ਼ਾਲੀ ਹੋਏ

ਤਾਂ ਉਹ ਘਰਾਂ ਦੇ ਬੂਹੇ ਬਾਰੀਆਂ ਵੀ ਪੁੱਟ ਕੇ ਲੈ ਗਏ।

ਉਜੜੇ ਹੋਏ ਲੋਕਾਂ ਨੇ ਖ਼ਾਲੀ ਘਰ ਮੱਲ ਲਏ।

ਥੇਹ ਪਿੰਡ ਵਿੱਚ ਵਸੇ ਹੋਏ ਘਰਾਂ ਨਾਲ਼ੋਂ ਖੰਡਰਾਂ ਦੀ ਗਿਣਤੀ ਵੱਧ ਸੀ।

ਦੋ ਮੁੰਡੇ ਖੰਡਰਾਂ ਵਿੱਚ ਘੁੰਮ ਰਹੇ ਸਨ। ਤੁਰ ਫਿਰ ਕੇ ਖੰਡਰਾਂ ਵਿੱਚੋਂ ਟੁੱਟੀਆਂ-ਭੱਜੀਆਂ ਵਸਤਾਂ ਲੱਭਣੀਆਂ ਉਹਨਾਂ ਦਾ ਸ਼ੁਗਲ ਸੀ।

ਬੱਲੀ ਨੂੰ ਇੱਕ ਜੰਗਾਲ਼ਿਆ ਹੋਇਆ ਚਾਕੂ ਲੱਭ ਪਿਆ ਸੀ। ਗੁਰੀ ਨੂੰ ਇੱਕ ਕੌਡੀ ਲੱਭੀ ਸੀ ਤੇ ਦੋ ਘੁਗੂ ਘੋੜੇ।

ਧੁੱਪ ਤਿੱਖੀ ਹੋ ਰਹੀ ਸੀ।

ਉਹ ਦੋਵੇਂ ਕੰਧ ਦੇ ਪਰਛਾਵੇਂ ਵਿੱਚ ਬੈਠ ਗਏ।

"ਯਾਰ! ਜੇ ਆਪਾਂ ਨੂੰ ਹੇਠਲੇ ਪਿੰਡ ਜਾਣ ਦਾ ਰਾਹ ਲੱਭ ਪਵੇ ਤਾਂ ਉੱਥੋਂ ਪਤਾ ਨਈਂ ਕੀ ਕੁਝ ਲੱਭ ਪਊ।" ਗੁਰੀ ਨੇ ਕਿਹਾ।

"ਕਿਹੜੇ ਹੇਠਲੇ ਪਿੰਡ?" ਬੱਲੀ ਨੇ ਪੁੱਛਿਆ।

"ਤੂੰ ਵੀ ਭੁਲੱਕੜ ਐਂ। ਤੈਨੂੰ ਦੱਸਿਆ ਤਾਂ ਸੀ, ਆਪਣੇ ਪਿੰਡ ਦੇ ਹੇਠਾਂ ਵੀ ਇੱਕ ਪਿੰਡ ਹੈਗਾ ਏ।"

"ਇਹ ਕਿੱਤਰਾਂ ਹੋ ਸਕਦਾ ਏ?" ਬੱਲੀ ਹੈਰਾਨ ਹੋਇਆ।

"ਤੂੰ ਵੀ ਯਾਰ ਹੱਦ ਕਰਦਾ ਏਂ। ਸਾਰੇ ਪਿੰਡ ਨੂੰ ਪਤੈ ਤੇ ਤੂੰ ਘੁਗੂ ਬਣਿਆ ਹੋਇਆ ਏਂ।"

ਬੱਲੀ ਨੇ ਧੌਣ ਉੱਤੇ ਚੂੰਢੀ ਭਰੀ, "ਸਹੁੰ ਗੁਰੂ ਦੀ, ਮੈਨੂੰ ਨਹੀਂਓਂ ਪਤਾ!"

"ਉਸੇ ਪਿੰਡ ਦੇ ਥੇਹ ਉੱਤੇ ਹੀ ਤਾਂ ਆਪਣਾ ਪਿੰਡ ਵੱਸਿਆ ਹੋਇਐ।"

"ਫੇਰ ਆਪਾਂ ਕਦੀ ਉੱਥੇ ਕਿਉਂ ਨਹੀਂ ਗਏ?"

"ਆਪਾਂ ਨੂੰ ਰਾਹ ਜੁ ਨਹੀਂ ਪਤਾ।"

"ਓ ਹਾਂ! ਤੂੰ ਦੱਸਿਆ ਤਾਂ ਹੈਗਾ ਏ, ਪਰ ਭਾਊ! ਕਿਸੇ ਨੂੰ ਤਾਂ ਉਸ ਪਿੰਡ ਦਾ ਰਾਹ ਆਉਂਦਾ ਹੋਊ?"

"ਨਹੀਂ, ਕੋਈ ਨਹੀਂ ਜਾਣਦਾ?"

"ਫੇਰ?"

"ਭਲਕ ਤੋਂ ਆਪਾਂ ਉਸ ਪਿੰਡ ਦਾ ਰਾਹ ਲੱਭਣਾ ਸ਼ੁਰੂ ਕਰੀਏ?"

ਬੱਲੀ ਤੇ ਗੁਰੀ ਉੱਥੋਂ ਉੱਠ ਕੇ ਵਲ-ਵਲੇਵੇਂ ਖਾਣੀ ਗ਼ਲੀ ਦੇ ਰਾਹ ਤੁਰ ਪਏ।

ਬੋੜਾ ਖੂਹ ਪਿੰਡ ਦੇ ਅੱਧ ਵਿਚਕਾਰ ਸੀ। ਜਦੋਂ ਦੋਵੇਂ ਬੋੜੇ ਖੂਹ ਕੋਲ਼ ਪਹੁੰਚੇ ਤਾਂ ਗੁਰੀ ਖਲੋ ਗਿਆ, ਬੋਲਿਆ, "ਬੱਲੀ ਯਾਰ! ਮੈਨੂੰ ਲੱਗਦਾ ਏ, ਹੇਠਲੇ ਪਿੰਡ ਨੂੰ ਬੋੜੇ ਖੂਹ ਦੇ ਵਿੱਚੋਂ ਦੀ ਵੀ ਰਾਹ ਹੋਊ।"

ਇੱਕ ਪੁਰਾਣੇ ਬੋਹੜ ਨੇ ਖੂਹ ਨੂੰ ਛਾਂ ਕੀਤੀ ਹੋਈ ਸੀ। ਉਹ ਉਸ ਬੋਹੜ ਦੀ ਛਾਂ ਹੇਠ ਖਲੋ ਗਏ।

ਉਸ ਬੋਹੜ ਦੀ ਛਾਂ ਠੰਢੀ ਸੀ।

ਥੇਹ ਪਿੰਡ ਵਿੱਚ ਪਾਣੀ ਦੀ ਕਿਲੱਤ ਸੀ। ਉਹ ਖੂਹ ਪਾਣੀ ਲੱਭ ਪੈਣ ਦੀ ਆਸ ਨਾਲ਼ ਹੀ ਪੁੱਟਿਆ ਗਿਆ ਸੀ।

ਗੁਰੀ ਦੇ ਬਾਪੂ ਨਾਹਰ ਸਿੰਘ ਨੇ ਦੱਸਿਆ ਸੀ, ਜਦੋਂ ਖੂਹ ਪੁੱਟਿਆ ਗਿਆ ਸੀ, ਉਹ ਅੱਠਾਂ ਕੁ ਵਰ੍ਹਿਆਂ ਦਾ ਸੀ। ਡੂੰਘੀ ਪੁਟਾਈ ਤੋਂ ਪਿੱਛੋਂ ਵੀ ਖੂਹ ਵਿੱਚੋਂ ਪਾਣੀ ਨਹੀਂ ਸੀ ਨਿਕਲਿਆ, ਸਗੋਂ ਭਾਂਤ-ਭਾਂਤ ਦੀਆਂ ਨਿਗੂਣੀਆਂ ਵਸਤਾਂ ਮਿਲਣੀਆਂ ਸ਼ੁਰੂ ਹੋ ਗਈਆਂ ਸਨ। ਉਦੋਂ ਪਿੰਡ ਵਾਲ਼ਿਆਂ ਦਾ ਯਕੀਨ ਪੱਕਾ ਹੋਇਆ ਸੀ ਕਿ ਹੇਠਾਂ ਵੀ ਕੋਈ ਪਿੰਡ ਸੀ।"

"ਪਰ ਕਈ ਥਾਈਂ ਤਾਂ ਪਿੰਡ ਵਿੱਚ ਖੂਹ ਹੈਗੇ ਨੇ। ਉਹਨਾਂ ਵਿੱਚ ਪਾਣੀ ਕਿੱਥੋਂ ਆ ਗਿਆ?" ਬੱਲੀ ਨੇ ਸਿਆਣਾ ਸੁਆਲ ਪੁੱਛਿਆ।

"ਤੂੰ ਵੀ ਹੱਦ ਕਰਦਾ ਏਂ। ਮੈਂ ਕਿਹੜਾ ਨਜ਼ੂਮੀ ਆਂ। ...ਕੀ ਪਤਾ ਮੀਂਹ ਦਾ ਪਾਣੀ ਉਹਨਾਂ ਖੂਹਾਂ ਤੱਕ ਪਹੁੰਚ ਜਾਂਦਾ ਹੋਵੇ।" ਗੁਰੀ ਨੇ ਜੁਵਾਬ ਵਿੱਚ ਖਿਝ ਸੀ।

"ਹਾਂ ਭਾਊ! ਮੀਂਹ ਦਾ ਪਾਣੀ ਵੀ ਤਾਂ ਉਹਨਾਂ ਖੂਹ ਵੱਲ ਰਾਹ ਲੱਭ ਸਕਦਾ ਏ।" ਬੱਲੀ ਨੇ ਗੁਰੀ ਦੇ ਤਰਕ ਨੂੰ ਮੰਨ ਲਿਆ।

ਗੁਰੀ ਦੇ ਬਾਪੂ ਦੇ ਨਿੱਕੇ ਹੁੰਦਿਆਂ ਵਾਲ਼ਾ ਖੂਹ ਖਸਤਾ ਹਾਲ ਸੀ। ਖੂਹ ਦੇ ਦੁਆਲ਼ੇ ਕੋਈ ਬਨੇਰੀ ਨਹੀਂ ਸੀ। ਖੂਹ ਦੀ ਮੌਣ ਦੇ ਆਸਰੇ ਨਾਲ਼ ਉਹ ਅੰਦਰ ਝਾਤੀ ਮਾਰ ਸਕਦੇ ਸਨ, ਪਰ ਸਿੱਧੇ ਖਲੋ ਕੇ ਖੂਹ ਅੰਦਰ ਝਾਕਣਾ ਖ਼ਤਰਨਾਕ ਸੀ। ਹੇਠਾਂ ਵੇਖਿਆਂ ਜਾਣੀਏ ਹੌਲ਼ ਪਵੇ, ਚੱਕਰ ਆਵੇ ਤੇ ਕੋਈ ਹੇਠਾਂ ਡਿੱਗ ਪਵੇ।

ਜੋ ਕਹਿਣ ਨੂੰ ਮੌਣ ਸੀ, ਉਸਦੀਆਂ ਇੱਟਾਂ ਤਾਂ ਕਦੋਂ ਦੀਆਂ ਉੱਖੜ ਕੇ ਮੁੱਕ ਗਈਆਂ ਸਨ।

ਗੁਰੀ ਤੇ ਬੱਲੀ ਲੰਮੇਂ ਪੈ ਕੇ ਅਗਾਂਹ ਨੂੰ ਰੀਂਗੇ। 'ਮੌਣ' ਕੋਲ਼ ਜਾ ਕੇ ਉਹ ਰੁਕ ਗਏ। ਉਹਨਾਂ ਹੇਠਾਂ ਝਾਕਿਆ। ਹੇਠਾਂ ਗੰਧਲਾ ਜਿਹਾ ਹਨੇਰਾ ਸੀ। ਬੋਹੜ ਦੀਆਂ ਜੜ੍ਹਾਂ ਖੂਹ ਵਿੱਚ ਲਟਕ ਰਹੀਆਂ ਸਨ, ਪਰ ਉਹਦੇ ਸੁੱਕੇ ਤਲ ਤੱਕ ਨਹੀਂ ਸਨ ਪਹੁੰਚੀਆਂ।

ਖੂਹ ਦੀਆਂ ਅੰਦਰਲੀਆਂ ਇੱਟਾਂ ਕੱਲਰ-ਖਾਧੀਆਂ ਸਨ, ਮੁੱਕ ਰਹੀਆਂ ਸਨ। ਖੂਹ ਦੇ ਅੰਦਰ ਥਾਂ-ਥਾਂ ਖੱਡਾਂ ਸਨ। ਉਹਨਾਂ ਖੱਡਾਂ ਵਿੱਚ ਕਬੂਤਰਾਂ ਦੇ ਆਲ੍ਹਣੇ ਸਨ। ਤਲ ਦੇ ਨੇੜਲੀਆਂ ਖੱਡਾਂ ਵਿੱਚ ਸੱਪ ਦੀਆਂ ਵਰਮੀਆਂ ਸਨ।

ਕਬੂਤਰਾਂ ਦੀ ਗੁਟਰੂੰ-ਗੂੰ ਸੁਣ ਰਹੀ ਸੀ।

ਇੱਕ ਕਬੂਤਰ ਨੇ ਉਡਾਰੀ ਭਰੀ। ਉਹ ਖੂਹ ਦੇ ਅੰਦਰ ਦੀ ਚਿਣਾਈ ਵਿੱਚ ਉੱਗ ਆਏ ਬੋਹੜ ਦੀ ਸ਼ਾਖ਼ ਉੱਤੇ ਬੈਠ ਗਿਆ।

ਕਿਸੇ ਆਲ੍ਹਣੇ ਵਿੱਚੋਂ ਇੱਕ ਆਂਡਾ ਡਿੱਗਿਆ। ਮੱਧਮ ਜਿਹਾ ਖੜ੍ਹਾਕ ਹੋਇਆ ਤੇ ਆਂਡਾ ਟੁੱਟ ਕੇ ਬਿਖ਼ਰ ਗਿਆ।

ਇੱਕ ਸੱਪ ਰੀਂਗਦਾ ਹੋਇਆ ਟੁੱਟੇ ਆਂਡੇ ਵੱਲ ਅਹੁਲਿਆ। ਆਂਡਾ ਉਸ ਸੱਪ ਦਾ ਭੋਜਨ ਸੀ।

ਸੱਪਾਂ ਲਈ ਭੋਜਨ ਖੂਹ ਵਿੱਚ ਹੀ ਸੀ।

ਦੋਹਾਂ ਦੀਆਂ ਨਜ਼ਰਾਂ ਖੂਹ ਦੇ ਹਨੇਰੇ ਵਿੱਚ ਘੁੰਮਦੀਆਂ ਰਹੀਆਂ।

''ਖੂਹ ਦੇ ਅੰਦਰੋਂ ਪਤਾਲ ਨੂੰ ਜਾਂਦਾ ਕੋਈ ਰਾਹ ਵੀ ਜ਼ਰੂਰ ਹੋਊ, ਪਰ ਹੇਠਲੇ ਹਨੇਰੇ ਕਰਕੇ ਦਿਸ ਨਈਂ ਰਿਹਾ।'' ਗੁਰੀ ਨੇ ਅੱਖਾਂ ਸਕੋੜ ਕੇ ਖੂਹ ਦੇ ਹਨੇਰੇ ਤੋਂ ਪਾਰ ਝਾਕਣ ਦਾ ਯਤਨ ਕੀਤਾ।

ਬੱਲੀ ਤ੍ਰਹਿ ਕੇ ਖੂਹ ਦੀ ਮੌਣ ਤੋਂ ਪਿਛਾਂਹ ਸਰਕ ਗਿਆ, ''ਭਾਊ! ਭਾਵੇਂ ਕੁਸ਼ ਹੋ ਜਾਵੇ। ਮੈਂ ਖੂਹ ਵਿੱਚੋਂ ਦੀ ਪਤਾਲ ਨੂੰ ਜਾਣ ਦਾ ਪੰਗਾ ਨਈਓਂ ਲੈਣਾ।''

''ਏਸ ਖੂਹ ਦੇ ਸੱਪਾਂ ਤੋਂ ਤਾਂ ਮੈਨੂੰ ਵੀ ਡਰ ਲਗਦੈ, ਪਰ ਤੂੰ ਘਬਰਾ ਨਾ...ਆਪਾਂ ਪਤਾਲ ਨੂੰ ਜਾਣ ਦਾ ਕੋਈ ਨਾ ਕੋਈ ਰਾਹ ਲੱਭ ਲਵਾਂਗੇ।''

(ਚਲਦਾ...)

ਅਮਰ ਸੂਫ਼ੀ 98555-43660

# ਕਿਤਾਬਾਂ



ਰੁੱਖੇ ਜੀਵਨ ਵਿੱਚ ਕਿਤਾਬਾਂ,
ਮਿੱਠੇ ਰਸ ਨੂੰ ਘੋਲਣ ਹੂ।
ਬੰਦਾ ਬੋਲਣ ਜੋਗਾ ਕਰਸਨ,
ਬੇਸ਼ਕ ਖ਼ੁਦ ਨਾ ਬੋਲਣ ਹੂ।
ਬਹੁਤੇ ਖੋਜੀ ਇਹਨਾਂ ਵਿੱਚੋਂ,
ਜੀਵਨ ਜੁਗਤੀ ਟੋਲਣ ਹੂ।
ਮੂਰਖ਼ ਲੋਕ ਕਿਤਾਬਾਂ 'ਸੂਫ਼ੀ',
ਪੈਰਾਂ ਹੇਠ ਮਧੋਲਣ ਹੂ।

ਅੱਖਰ ਮਿਲ ਕੇ ਸ਼ਬਦ ਬਣਾਉਂਦੇ,
ਸਤਰਾਂ, ਸ਼ਬਦ ਬਣਾਉਂਦੇ ਹੂ।
ਇਹਨਾਂ ਸਤਰਾਂ ਦੇ ਸਿਰ ਸਦਕਾ,
ਪੈਰ੍ਹੇ ਉੱਭਰ ਆਉਂਦੇ ਹੂ।
ਬੁੱਧੀ ਵਾਲੇ ਖ਼ਿਆਲ ਚੰਗੇਰੇ,
ਇਹਨਾਂ ਵਿੱਚ ਟਿਕਾਉਂਦੇ ਹੂ।
ਅਪਣੀ ਕੀਤੀ ਮਿਹਨਤ 'ਸੂਫ਼ੀ',
ਸਾਡੀ ਝੋਲ਼ੀ ਪਾਉਂਦੇ ਹੂ।

ਜੋ ਪੋਥੀ ਸੰਗ ਨਾਤਾ ਰੱਖਣ,
ਹੋ ਜਾਂਦੇ ਉਹ ਉੱਚੇ ਹੂ।
ਪੁਸਤਕ ਸੁੱਚੀ ਸੋਝੀ ਦੇਵੇ,
ਜੋ ਅਕਲੋਂ ਨੇ ਬੁੱਚੇ ਹੂ।
ਉੱਚਾ ਰੁਤਬਾ ਪਾਉਂਦੇ ਨੇ ਉਹ,
ਜਿਹੜੇ ਗਿਆਨ ਗੜੁੱਚੇ ਹੂ।
ਰੱਬ ਕਰੇ ਜਦ ਰਹਿਮਤ 'ਸੂਫ਼ੀ',
ਅੱਖਰ ਬਖ਼ਸ਼ੇ ਸੁੱਚੇ ਹੂ।

ਹਰੀ ਕ੍ਰਿਸ਼ਨ ਮਾਇਰ
97806-67686



# ਕੋਈ ਵਿਅਕਤੀ ਮਹਾਨ ਕਿਵੇਂ ਹੁੰਦਾ ਹੈ

ਇਸਰੋ ਵਿੱਚ ਕੰਮ ਕਰਦਾ ਇੱਕ ਵਿਗਿਆਨੀ ਬੜੀ ਹਿੰਮਤ ਜੁਟਾ ਕੇ, ਬੌਸ ਦੇ ਕਮਰੇ ਤੱਕ ਪਹੁੰਚਿਆ ਸੀ। ਉਸ ਨੇ ਬੌਸ ਨੂੰ ਬੇਨਤੀ ਕੀਤੀ, ''ਅੱਜ ਮੈਂ ਸਮੇਂ ਸਿਰ ਘਰ ਜਾਣਾ ਚਾਹੁੰਦਾ ਹਾਂ। ਬੱਚਿਆਂ ਨੂੰ ਪ੍ਰਦਰਸ਼ਨੀ ਦਿਖਾਉਣ ਦਾ ਵਾਅਦਾ ਕਰਕੇ ਆਇਆ ਹਾਂ, ਮੈਂ।''

ਬੌਸ ਮੁਸਕਰਾਇਆ ਅਤੇ ਉਸ ਨੇ ਝੱਟ ਇਜਾਜ਼ਤ ਦੇ ਦਿੱਤੀ। ਫਿਰ ਉਹ ਵਿਗਿਆਨੀ ਆਪਣੇ ਖ਼ੋਜ ਕਾਰਜ ਵਿੱਚ ਰੁੱਝ ਗਿਆ। ਕੰਮ ਵਿੱਚ ਉਹ ਐਨਾ ਰੁੱਝ ਗਿਆ ਕਿ ਉਸ ਨੂੰ ਸਮੇਂ 'ਤੇ ਘਰ ਜਾਣ ਦਾ ਚੇਤਾ ਹੀ ਭੁੱਲ ਗਿਆ। ਕਈ ਘੰਟੇ ਲੰਘ ਜਾਣ ਪਿਛੋਂ, ਉਸ ਨੂੰ ਬੱਚਿਆਂ ਨਾਲ਼ ਕੀਤੇ ਵਾਅਦੇ ਦਾ ਚੇਤਾ ਆਇਆ। ਉਦੋਂ ਤੱਕ ਕਾਫ਼ੀ ਦੇਰ ਹੋ ਚੁੱਕੀ ਸੀ। ਬੱਚਿਆਂ ਨੂੰ ਪ੍ਰਦਰਸ਼ਨੀ ਤੇ ਲੈ ਕੇ ਜਾਣਾ ਸੰਭਵ ਨਹੀਂ ਸੀ ਹੋ ਸਕਣਾ। ਬੜੀ ਨਿਰਾਸ਼ਾ ਨਾਲ਼ ਉਹ ਘਰ ਮੁੜ ਪਿਆ। ਘਰ ਆ ਕੇ ਉਸਨੇ ਦੇਖਿਆ ਕਿ ਉਸਦੀ ਪਤਨੀ ਇਕੱਲੀ ਘਰ ਸੀ। ਬੱਚੇ ਘਰ ਨਹੀਂ ਸਨ। ਉਸਨੇ ਆਪਣੀ ਪਤਨੀ ਕੋਲ਼ੋਂ ਬੱਚਿਆਂ ਬਾਰੇ ਪੁੱਛ-ਗਿੱਛ ਕੀਤੀ। ਪਤਨੀ ਨੇ ਕਿਹਾ, ''ਤੁਹਾਡੇ ਬੌਸ ਅੱਜ ਆਪਣੇ ਘਰ ਆਏ ਸਨ। ਉਹ ਬੱਚਿਆਂ ਨੂੰ ਨਾਲ਼ ਲੈ ਕੇ ਪ੍ਰਦਰਸ਼ਨੀ ਦੇਖਣ ਚਲੇ ਗਏ। ਇਹ ਸੁਣ ਕੇ ਵਿਗਿਆਨੀ ਭਾਵੁਕ ਹੋ ਗਿਆ। ਉਸ ਨੂੰ ਆਪਣੀ ਗ਼ਲਤੀ ਤੇ ਵਾਰ-ਵਾਰ ਪਛਤਾਵਾ ਵੀ ਹੋ ਰਿਹਾ ਸੀ। ਉਸਨੇ ਆਪਣੀ ਪਤਨੀ ਨੂੰ ਕਿਹਾ, ''ਕੋਈ ਵਿਅਕਤੀ ਮਹਾਨ ਕਿਵੇਂ ਹੁੰਦਾ ਹੈ, ਮੈਨੂੰ ਅੱਜ ਇਸ ਗੱਲ ਦੀ ਪੂਰੀ ਤਰ੍ਹਾਂ ਸਮਝ ਆਈ ਹੈ।''

ਉਸ ਵਿਗਿਆਨੀ ਦੇ ਬੌਸ, ਕੋਈ ਹੋਰ ਨਹੀਂ ਸਨ ਬਲਕਿ ਮਹਾਨ ਵਿਗਿਆਨੀ ਡਾ.ਏ.ਪੀ.ਜੇ. ਅਬਦੁਲ ਕਲਾਮ ਸਨ, ਜੋ ਅੱਗੇ ਜਾਕੇ ਭਾਰਤ ਦੇ ਰਾਸ਼ਟਰਪਤੀ ਵੀ ਬਣੇ ਸਨ।

ਰਿਟਾ. ਪ੍ਰਿੰ. ਵਿਨੋਦ ਕੁਮਾਰ ਸ਼ਰਮਾ
62841-47945

# ਗਿਆਨ ਮੁਕਾਬਲਾ

1. ਮਾਰਚ 2023 ਵਿੱਚ ਜੀ-20 ਦੇਸ਼ਾਂ ਦਾ ਸੰਮੇਲਨ ਪੰਜਾਬ ਦੇ ਕਿਸ ਸ਼ਹਿਰ ਵਿੱਚ ਹੋਇਆ?

ੳ) ਅੰਮ੍ਰਿਤਸਰ ਅ) ਪਟਿਆਲਾ
ੲ) ਲੁਧਿਆਣਾ ਸ) ਜਲੰਧਰ

2. ਭਾਰਤ ਦੇ ਵਰਤਮਾਨ ਮੁੱਖ ਨਿਆਂਧੀਸ਼ (ਸੀ.ਜੇ.) ਲਈ ਸਹੀ ਵਿਕਲਪ ਚੁਣੋ।

ੳ) ਰੰਜਨ ਗੋਗੋਈ ਅ) ਦੀਪਕ ਮਿਸ਼ਰਾ
ੲ) ਡੀ.ਵਾਈ. ਚੰਦਰਚੂੜ ਸ) ਐੱਚ.ਐੱਲ. ਦੱਤੂ

3. ਰਾਸ਼ਟਰੀ ਸਿੱਖਿਆ ਦਿਹਾੜਾ ਕਿਸ ਮਹਾਨ ਵਿਅਕਤੀ ਦੇ ਜਨਮ ਦਿਨ ਤੇ ਮਨਾਇਆ ਜਾਂਦਾ ਹੈ?

ੳ) ਸਰਵਪੱਲੀ ਡਾ.ਰਾਧਾ ਕ੍ਰਿਸ਼ਨਣ
ਅ) ਡਾ.ਰਾਜਿੰਦਰ ਪ੍ਰਸ਼ਾਦ
ੲ) ਸੀ.ਰਾਜ ਗੋਪਾਲ ਅਚਾਰਯ
ਸ) ਮੌਲਾਨਾ ਅਬੁਲ ਕਲਾਮ ਆਜ਼ਾਦ

4. ਭਾਰਤੀ ਮੂਲ ਦੇ ਕਿਸ ਵਿਗਿਆਨੀ ਨੂੰ ਚਿਕਿਤਸਾ ਦੇ ਖ਼ੇਤਰ ਵਿੱਚ ਨੋਬਲ ਪੁਰਸਕਾਰ ਨਾਲ਼ ਸਨਮਾਨਿਤ ਕੀਤਾ ਗਿਆ ਹੈ?

ੳ) ਡਾ.ਹਰਗੋਬਿੰਦ ਖੁਰਾਨਾ ਅ) ਡਾ.ਐੱਸ.ਚੰਦਰਸ਼ੇਖ਼ਰ
ੲ) ਡਾ.ਸੀ.ਵੀ. ਰਮਨ ਸ) ਵੀ.ਰਾਮਾਕ੍ਰਿਸ਼ਨਾ

5. ਨੇਤਾ ਜੀ ਸੁਭਾਸ਼ ਚੰਦਰ ਬੋਸ ਅੰਤਰਰਾਸ਼ਟਰੀ ਹਵਾਈ ਅੱਡਾ ਕਿੱਥੇ ਸਥਿਤ ਹੈ?

ੳ) ਕੋਲਕਾਤਾ ਅ) ਮੁੰਬਈ
ਸ) ਦਿੱਲੀ ਸ) ਅੰਮ੍ਰਿਤਸਰ

6. ਸੰਸਾਰ ਦਾ ਸਭ ਤੋਂ ਵੱਡਾ ਮਾਰੂਥਲ ਕਿਹੜਾ ਹੈ?

ੳ) ਕਾਲਾਹਾਰੀ ਅ) ਗੋਬੀ
ੲ) ਥਾਰ ਸ) ਸਹਾਰਾ

7. ਹੇਠ ਲਿਖੇ ਵਿੱਚੋਂ ਕਿਹੜੀ ਪਰਬਤ ਲੜੀ ਸੰਸਾਰ ਵਿੱਚ ਸਭ ਤੋਂ ਵੱਡੀ ਹੈ?

ਸ) ਹਿਮਾਲਯ ਅ) ਅਲਾਸਕਾ
ੲ) ਏਂਡੀਜ ਸ) ਕਾਕੋਸ਼ਸ਼

8. ਵਾਯੂਮੰਡਲ ਵਿੱਚ ਕਿਹੜੀ ਗੈਸ ਪਰਾਬੈਂਗਣੀ ਕਿਰਨਾਂ ਦਾ ਅਵਸ਼ੋਸ਼ਨ ਕਰਦੀ ਹੈ?

ੳ) ਨਾਈਟ੍ਰੋਜਨ ਅ) ਹੀਲੀਅਮ
ੲ) ਮੀਥੇਨ ਸ) ਓਜ਼ੋਨ

9. ਹੇਠ ਦਿੱਤੀ ਸੀਰੀਜ ਵਿੱਚ ਖ਼ਾਲੀ ਥਾਂ ਭਰੋ:
1, 9, 25, 49, ....

ੳ) 64 ਅ) 81
ੲ) 121 ਸ) 169

10. ਮਨੁੱਖ ਦੀ ਅੱਖ ਕਿਹੜੇ ਹਿੱਸੇ ਦੁਆਰਾ ਅੱਖ ਵਿੱਚ ਪ੍ਰਵੇਸ਼ ਕਰਨ ਵਾਲ਼ੇ ਪ੍ਰਕਾਸ਼ ਦੀ ਮਾਤਰਾ ਨਿਯੰਤਰਿਤ ਕਰਦੀ ਹੈ?

ੳ) ਰੇਟੀਨਾ ਸ) ਕਾਰਨੀਆ
ੲ) ਆਇਰਸ ਸ) ਆਈ-ਬਾਲ

ਉੱਤਰ: 1 (ੳ) 2 (ੲ) 3 (ਸ) 4 (ੳ) 5 (ੳ) 6 (ਸ) 7 (ੲ) 8 (ਸ) 9 (ਅ) 10 (ੲ).

Registered No. CHD/0062/2021-2023
Registered with the Registrar of Newspapers for India, New Delhi under R.N.I. 18176/71

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸਕੱਤਰ, ਪ੍ਰਿੰਟਰ ਅਤੇ ਪਬਲਿਸ਼ਰ ਨੇ ਬੇਦੀ ਬ੍ਰਦਰਜ਼ ਪ੍ਰਿੰਟਿੰਗ ਪ੍ਰੋਫ਼ੈਸ਼ਨਲ, 14, ਇੰਡਸਟ੍ਰੀਅਲ ਏਰੀਆ, ਫੇਸ-1, ਚੰਡੀਗੜ੍ਹ ਤੋਂ ਛਪਵਾ ਕੇ ਫ਼ੇਜ਼ 8, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਤੋਂ 31 ਮਈ 2023 ਨੂੰ ਪ੍ਰਕਾਸ਼ਿਤ ਕੀਤਾ।

ਸੰਪਾਦਕ, ਦਰਸ਼ਨ ਸਿੰਘ ਬਨੂੜ

ਮੁੱਲ: ₹20

